@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 5 May 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 5 ਮਈ 2024, 21 ਵੈਸਾਖ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 165, qpatrika@gmail.com ਫੋਨ : 9971359517 www.qaumipatrika.org

ਕਾਂਗਰਸ ਨੂੰ ਵੱਡਾ ਝਟਕਾ, ਭਾਜਪਾ 'ਚ ਸ਼ਾਮਲ ਹੋਏ ਅਰਵਿੰਦਰ ਸਿੰਘ ਲਵਲੀ

ਨਵੀਂ ਦਿੱਲੀ 4 ਮਈ। ਦਿੱਲੀ ਕਾਂਗਰਸ ਦੇ ਸਾਬਕਾ ਪ੍ਰਧਾਨ ਅਰਵਿੰਦਰ ਸਿੰਘ ਲਵਲੀ 'ਚ ਅੱਜ ਯਾਨੀ ਸ਼ਨੀਵਾਰ ਨੂੰ ਭਾਜਪਾ 'ਚ ਸ਼ਾਮਲ ਹੋ ਗਏ। ਕੁਝ ਦਿਨ ਪਹਿਲਾਂ ਹੀ ਅਰਵਿੰਦਰ ਲਵਲੀ ਨੇ ਕਾਂਗਰਸ ਦੇ ਪ੍ਰਧਾਨ ਅਹੁਦੇ ਤੋਂ ਅਸਤੀਫਾ ਦਿੱਤਾ ਸੀ। ਅਰਵਿੰਦਰ ਲਵਲੀ ਦੇ ਨਾਲ ਹੀ ਕਾਂਗਰਸ ਨੇਤਾ ਰਾਜ ਕੁਮਾਰ ਚੌਹਾਨ, ਅਮਿਤ ਮਲਿਕ, ਤਿੰਨ ਵਾਰ ਦੇ ਵਿਧਾਇਕ ਰਹੇ ਨਸੀਬ ਸਿੰਘ ਅਤੇ ਨੀਰਜ ਬੈਸੋਯਾ ਨੇ ਵੀ ਭਾਜਪਾ ਦਾ ਪੱਲਾ ਫੜ ਲਿਆ ਹੈ। ਅਰਵਿੰਦਰ ਲਵਲੀ ਸ਼ੀਲਾ ਦੀਕਸ਼ਤ ਦੀ ਸਰਕਾਰ 'ਚ ਮੰਤਰੀ

ਰਹਿ ਚੁੱਕੇ ਹਨ। ਉਨ੍ਹਾਂ ਨੂੰ ਪਿਛਲੇ ਸਾਲ ਅਗਸਤ 'ਚ ਦਿੱਲੀ ਕਾਂਗਰਸ ਦੇ ਮੁਖੀ ਦੇ ਅਹੁਦੇ 'ਤੇ ਨਿਯੁਕਤ ਕੀਤਾ ਗਿਆ ਸੀ। ਹਾਲ ਹੀ 'ਚ ਲਵਲੀ ਨੇ ਦਿੱਲੀ ਇਕਾਈ ਦੇ ਪ੍ਰਧਾਨ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਇਸ ਦਾ ਕਾਰਨ ਆਮ ਆਦਮੀ ਪਾਰਟੀ (ਆਪ) ਨਾਲ ਗਠਜੋੜ ਦਾ ਹੋਣਾ ਵੀ ਹੈ। ਅਰਵਿੰਦਰ ਸਿੰਘ ਲਵਲੀ ਨੇ ਅਹੁਦਾ ਛੱਡਣ ਤੋਂ ਬਾਅਦ ਆਪਣੇ ਬਿਆਨ 'ਚ ਕਿਹਾ ਸੀ ਕਿ ਕਾਂਗਰਸ ਦੀ ਦਿੱਲੀ ਇਕਾਈ ਗਠਜੋੜ ਦੇ ਖ?ਿਲਾਫ ਸੀ ਅਤੇ ਪਾਰਟੀ ਹਾਈ ਕਮਾਨ ਨੇ ਰਾਸ਼ਟਰੀ ਰਾਜਧਾਨੀ ਦੇ ਨੇਤਾਵਾਂ ਦੀ ਗੱਲ ਨਹੀਂ ਸੁਣੀ ਅਤੇ 'ਆਪ' ਨਾਲ ਗਠਜੋੜ ਨੂੰ ਮਨਜ਼ੂਰੀ ਪ੍ਰਦਾਨ ਕਰ ਦਿੱਤੀ। ਉਨ੍ਹਾਂ ਨੇ ਕਾਂਗਰਸ ਦੀ ਦਿੱਲੀ ਯੂਨਿਟ 'ਚ ਚੱਲ ਰਹੀ ਖਿੱਚੋਤਾਨ ਲਈ ਦਿੱਲੀ ਇੰਚਾਰਜ ਦੀਪਕ ਬਾਬਰੀਆ ਦਾ ਵੀ ਨਾਂ ਲਿਆ ਸੀ।

ਰਾਸ਼ਟਰਪਤੀ ਦ੍ਰੌਪਦੀ ਮੁਰਮੂ ਪੁੱਜੇ ਚੰਡੀਗੜ੍ਹ, ਰਾਜਪਾਲ ਨੇ ਕੀਤਾ ਸੁਆਗਤ

ਚੰਡੀਗੜ੍ਹ 4 ਮਈ। ਦੇਸ਼ ਦੇ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਅੱਜ ਚੰਡੀਗੜ੍ਹ ਪੁੱਜੇ, ਜਿੱਥੇ ਉਨ੍ਹਾਂ ਦਾ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵਲੋਂ ਸੁਆਗਤ ਕੀਤਾ ਗਿਆ। ਇਸ ਮੌਕੇ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਵੀ ਮੌਜੂਦ ਰਹੇ।

ਰਾਸ਼ਟਰਪਤੀ ਇਸ ਤੋਂ ਬਾਅਦ ਸ਼ਿਮਲਾ ਲਈ ਰਵਾਨਾ ਹੋ ਗਏ। ਜਾਣਕਾਰੀ ਮੁਤਾਬਕ ਉਹ ਸ਼ਿਮਲਾ ਤੋਂ ਕਰੀਬ 13 ਕਿਲੋਮੀਟਰ ਦੂਰ ਛਾਬੜਾ 'ਚ ਹਰੇ-ਭਰੇ ਦੇਵਦਾਰ ਜੰਗਲ ਵਿਚਕਾਰ ਸਥਿਤ ਰਾਸ਼ਟਰਪਤੀ ਨਿਵਾਸ ਰਿਟਰੀਟ 'ਚ ਰਹਿਣਗੇ। ਰਾਸ਼ਟਰਪਤੀ ਨੂੰ ਚੰਡੀਗੜ੍ਹ ਤੋਂ ਫੌਜ ਦੇ ਹੈਲੀਕਾਪਟਰ ਰਾਹੀਂ ਸ਼ਿਮਲਾ ਲਿਜਾਇਆ ਗਿਆ। ਦ੍ਰੌਪਦੀ ਮੁਰਮੂ ਆਪਣੇ ਪਰਿਵਾਰ ਦੇ 8 ਮੈਂਬਰਾਂ ਸਮੇਤ 5 ਦਿਨਾਂ ਦੇ ਦੌਰੇ 'ਤੇ ਸ਼ਿਮਲਾ ਗਏ ਹਨ।

ਪਹਾੜੀ ਮੁਸਲਮਾਨਾਂ ਨੂੰ 'ਧਮਕੀ' ਦੇਣ ਵਾਲੇ ਭਾਜਪਾ ਨੇਤਾ ਨੂੰ ਹੋਣੀ ਚਾਹੀਦੀ ਹੈ ਜੇਲ੍ਹ: ਮਹਿਬੂਬਾ ਮੁਫਤੀ

ਰਾਜੌਰੀ/ਜੰਮੂ 4 ਮਈ। ਪੀਪਲਜ ਡੈਮੋਕ੍ਰੇਟਿਕ ਪਾਰਟੀ (ਪੀਡੀਪੀ) ਦੀ ਮੁਖੀ ਮਹਿਬੂਬਾ ਮੁਫਤੀ ਨੇ ਬੁੱਧਵਾਰ ਨੂੰ ਕਿਹਾ ਕਿ ਜੰਮੂ-ਕਸਮੀਰ ਦੀ ਅਨੰਤਨਾਗ-ਰਾਜੌਰੀ ਲੋਕ ਸਭਾ ਸੀਟ 'ਤੇ ਪਹਾੜੀ ਮੁਸਲਮਾਨਾਂ ਨੂੰ ਕਥਿਤ ਤੌਰ 'ਤੇ ਧਮਕਾਉਣ ਵਾਲੇ ਭਾਰਤੀ ਜਨਤਾ ਪਾਰਟੀ (ਭਾਜਪਾ) ਨੇਤਾ ਦੇ ਖ?ਿਲਾਫ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ () ਤਹਿਤ ਕੇਸ ਦਰਜ ਕਰਕੇ ਜੇਲ੍ਹ ਭੇਜਿਆ ਜਾਣਾ ਚਾਹੀਦਾ ਹੈ। ਭਾਜਪਾ ਨੇ ਮੰਗਲਵਾਰ ਨੂੰ ਪੁੰਛ ਜ?ਿਲ੍ਹੇ ਦੇ ਬੁਲਾਰੇ ਸਤੀਸ ਭਾਰਗਵ ਨੂੰ ਪੁੰਛ ਜ?ਿਲ੍ਹੇ ਵਿੱਚ ਇੱਕ ਚੋਣ ਰੈਲੀ ਦੌਰਾਨ "ਨਫਰਤ ਭਰੇ ਭਾਸਣ" ਅਤੇ "ਇਤਰਾਜਯੋਗ ਭਾਸਾ ਦੀ ਵਰਤੋਂ" ਲਈ ਪਾਰਟੀ ਵਿੱਚੋਂ ਕੱਢ ਦਿੱਤਾ। ਮੁਫਤੀ ਨੇ ਇੱਥੇ ਪੱਤਰਕਾਰਾਂ ਨੂੰ ਕਿਹਾ ਕਿ ਭਾਰਗਵ 'ਤੇ ਯੂਏਪੀਏ ਤਹਿਤ ਮਾਮਲਾ ਦਰਜ ਕਰਕੇ ਦਿੱਲੀ ਦੀ ਤਿਹਾੜ ਜੇਲ੍ਹ ਭੇਜ ਦਿੱਤਾ ਜਾਣਾ ਚਾਹੀਦਾ ਹੈ।

ਅਮੇਠੀ 'ਚ ਗਾਂਧੀ ਪਰਿਵਾਰ ਦੀ ਸਿਆਸੀ ਵਿਰਾਸਤ ਸੰਭਾਲਣ ਵਾਲੇ ਕਿਸ਼ੋਰੀ ਲਾਲ ਸ਼ਰਮਾ ਦਾ ਹੈ ਲੁਧਿਆਣਾ ਕੁਨੈਕਸ਼ਨ

ਸਿੰਮੀ ਕੌਰ ਬੱਬਰ

ਲੁਧਿਆਣਾ 4 ਮਈ। ਕਾਂਗਰਸ ਵੱਲੋਂ ਲੰਬੇ ਇੰਤਜ਼ਾਰ ਤੋਂ ਬਾਅਦ ਗਾਂਧੀ ਪਰਿਵਾਰ ਦੀ ਪ੍ਰੰਪਰਾਗਤ ਸੀਟਾਂ ਅਮੇਠੀ ਅਤੇ ਰਾਏ ਬਰੇਲੀ ਨੂੰ ਲੈ ਕੇ ਸਸਪੈਂਸ ਖਤਮ ਕਰ ਦਿੱਤਾ ਹੈ, ਜਿਸ ਦੇ ਤਹਿਤ ਰਾਹੁਲ ਗਾਂਧੀ ਵੱਲੋਂ ਪਿਛਲੀ ਵਾਰ ਅਮੇਠੀ ਤੋਂ ਸਮ੍ਰਿਤੀ ਇਰਾਨੀ ਦੇ ਹੱਥੋਂ ਹਾਰ ਦਾ ਸਾਹਮਣਾ ਕਰਨ ਤੋਂ ਬਾਅਦ ਮੁੜ ਉਸੇ ਸੀਟ ਤੋਂ ਲੋਕ ਸਭਾ ਚੋਣ ਨਾ ਲੜਨ ਦਾ ਫੈਸਲਾ ਕੀਤਾ ਗਿਆ ਹੈ। ਹਾਲਾਂਕਿ ਰਾਹੁਲ ਗਾਂਧੀ ਵਾਇਨਾਡ ਤੋਂ ਮੌਜੂਦਾ ਐੱਮ. ਪੀ. ਹਨ ਅਤੇ ਇਕ ਵਾਰ ਫਿਰ ਉਥੋਂ ਹੀ ਲੋਕ ਸਭਾ ਚੋਣ ਲੜ ਰਹੇ ਹਨ ਪਰ ਵਿਰੋਧੀ ਖਾਸ ਕਰ ਕੇ ਪੀ. ਐੱਮ. ਮੋਦੀ ਵੱਲੋਂ ਮੈਦਾਨ ਛੱਡ ਕੇ ਭੱਜਣ ਦਾ ਦੋਸ਼ ਲਾਉਣ ਤੋਂ ਬਾਅਦ ਵਧਦੇ ਦਬਾਅ ਦੇ ਮੱਦੇਨਜ਼ਰ ਰਾਹੁਲ ਗਾਂਧੀ ਵੱਲੋਂ ਸਿਆਸੀ ਮੁੱਦਾ ਖਤਮ ਕਰਨ ਲਈ ਸਾਊਥ ਦੇ ਨਾਲ ਉੱਤਰ 'ਚ ਪਰਿਵਾਰ ਦੀ ਪ੍ਰੰਪਰਾਗਤ ਰਾਏ ਬਰੇਲੀ ਸੀਟ ਤੋਂ ਲੋਕ ਸਭਾ ਚੋਣ ਲੜਨ ਦਾ ਐਲਾਨ ਕੀਤਾ ਹੈ, ਜਿੱਥੋਂ ਸੋਨੀਆ ਗਾਂਧੀ ਪਿਛਲੀ ਵਾਰ 1.7 ਵੋਟਾਂ ਦੇ ਫਰਕ ਨਾਲ ਜਿੱਤ ਕੇ ਐੱਮ. ਪੀ. ਬਣੀ ਸੀ ਅਤੇ ਰਾਜਸਥਾਨ ਤੋਂ ਰਾਜ ਸਭਾ ਮੈਂਬਰ ਬਣਨ ਤੋਂ ਬਾਅਦ ਉਨ੍ਹਾਂ ਨੇ ਸਿਹਤ ਠੀਕ ਨਾ ਹੋਣ ਦਾ ਹਵਾਲਾ ਦਿੰਦੇ ਹੋਏ ਲੋਕ ਸਭਾ ਚੋਣ ਲੜਨ ਦਾ ਫੈਸਲਾ ਕੀਤਾ ਹੈ। ਦੂਜੇ ਪਾਸੇ ਰਾਏ ਬਰੇਲੀ ਜਾਂ ਅਮੇਠੀ ਸੀਟ ਤੋਂ

ਪ੍ਰਿਯੰਕਾ ਗਾਂਧੀ ਦੇ ਲੋਕ ਸਭਾ ਚੋਣ ਲੜਨ ਦੀਆਂ ਅਟਕਲਾਂ ਦੇ ਬਿਲਕੁਲ ਉਲਟ ਕਾਂਗਰਸ ਵੱਲੋਂ ਗਾਂਧੀ ਪਰਿਵਾਰ ਦੇ ਕਰੀਬੀ ਮੰਨੇ ਜਾਂਦੇ ਕਿਸ਼ੋਰੀ ਲਾਲ ਸ਼ਰਮਾ ਨੂੰ ਅਮੇਠੀ ਤੋਂ ਉਮੀਦਵਾਰ ਬਣਾਇਆ ਗਿਆ ਹੈ। ਕਿਸ਼ੋਰੀ ਲਾਲ ਸ਼ਰਮਾ ਚਾਹੇ ਲੰਬੇ ਸਮੇਂ ਤੋਂ ਅਮੇਠੀ ਅਤੇ ਰਾਏ ਬਰੇਲੀ 'ਚ ਗਾਂਧੀ ਪਰਿਵਾਰ ਦੇ ਪ੍ਰਤੀਨਿਧੀ ਵਜੋਂ ਕੰਮ ਕਰ ਰਹੇ ਹਨ ਪਰ ਉਨ੍ਹਾਂ ਦਾ ਲੁਧਿਆਣਾ ਨਾਲ ਵੀ ਕੁਨੈਕਸ਼ਨ ਹੈ। ਉਹ ਲੁਧਿਆਣਾ 'ਚ ਪੈਦਾ ਹੋਏ ਅਤੇ ਇਥੇ ਹੀ ਉਨ੍ਹਾਂ ਦਾ ਪਾਲਣ-ਪੋਸ਼ਣ ਹੋਇਆ। ਉਨ੍ਹਾਂ ਦਾ ਘਰ ਵੀ ਲੁਧਿਆਣਾ 'ਚ ਹੈ ਅਤੇ ਉਨ੍ਹਾਂ ਦਾ ਪਰਿਵਾਰ ਵੀ ਹੁਣ ਤੱਕ ਲੁਧਿਆਣਾ 'ਚ ਹੀ ਰਹਿ ਰਿਹਾ ਹੈ। ਕਿਸ਼ੋਰੀ ਲਾਲ ਸ਼ਰਮਾ ਵੀ ਆਮ ਕਰ ਕੇ ਕੰਮ-ਕਾਜ ਦੇ ਸਿਲਸਿਲੇ 'ਚ ਲੁਧਿਆਣਾ ਆਉਂਦੇ ਹਨ ਅਤੇ ਉਨ੍ਹਾਂ ਦਾ ਪੰਜਾਬ ਅਤੇ ਖਾਸ ਕਰ ਕੇ ਲੁਧਿਆਣਾ ਕਾਂਗਰਸ ਦੀ ਸਿਆਸਤ 'ਚ ਵੀ ਦਖਲ ਦੇਖਣ ਨੂੰ ਮਿਲਦਾ ਹੈ। ਉਹ ਯੂਥ ਕਾਂਗਰਸ ਦੇ ਕੋਆਰਡੀਨੇਟਰ ਵਜੋਂ ਰਾਜੀਵ ਗਾਂਧੀ ਦੇ ਸੰਪਰਕ 'ਚ ਆਏ ਸਨ ਅਤੇ ਹੁਣ ਉਨ੍ਹਾਂ ਨੇ ਸਿੱਧਾ ਅਮੇਠੀ ਤੋਂ ਗਾਂਧੀ ਪਰਿਵਾਰ ਦੀ ਸਿਆਸੀ ਵਿਰਾਸਤ ਸੰਭਾਲ ਲਈ ਹੈ। ਜੇਕਰ ਅੰਕੜਿਆਂ ਦੀ ਗੱਲ ਕਰੀਏ ਤਾਂ 2007 ਤੋਂ ਲੈ ਕੇ 2022 ਤੱਕ ਦੀਆਂ 4 ਵਿਧਾਨ ਸਭਾ ਚੋਣਾਂ ਦੌਰਾਨ ਅਮੇਠੀ ਤੋਂ ਕਾਂਗਰਸ ਦਾ ਵੋਟ ਬੈਂਕ 20 ਫੀਸਦੀ ਡਾਊਨ ਹੋਇਆ ਹੈ।

ਸਾਬਕਾ ਮੁੱਖ ਮੰਤਰੀ ਚੰਦਰਸ਼ੇਖਰ ਰਾਓ 'ਤੇ ਚੋਣ ਕਮਿਸ਼ਨ ਦਾ ਐਕਸ਼ਨ

ਹੈਦਰਾਬਾਦ 4 ਮਈ। ਤੇਲੰਗਾਨਾ ਦੇ ਸਾਬਕਾ ਮੁੱਖ ਮੰਤਰੀ ਅਤੇ ਭਾਰਤ ਰਾਸ਼ਟਰ ਸਮਿਤੀ (ਬੀ. ਆਰ. ਐੱਸ.) ਦੇ ਪ੍ਰਧਾਨ ਕੇ. ਚੰਦਰਸ਼ੇਖਰ ਰਾਓ (ਕੇ. ਸੀ. ਆਰ.) 'ਤੇ ਚੋਣ ਕਮਿਸ਼ਨ 'ਤੇ ਐਕਸ਼ਨ ਲਿਆ ਹੈ। ਕਮਿਸ਼ਨ ਨੇ ਕਾਂਗਰਸ ਦੀ ਸ਼ਿਕਾਇਤ 'ਤੇ ਨੋਟਿਸ ਲੈਂਦੇ ਹੋਏ ਕੇ.ਸੀ.ਆਰ. 'ਤੇ ਲੋਕ ਸਭਾ ਚੋਣਾਂ ਲਈ ਚੋਣ ਜਾਬਤੇ ਦੀ ਉਲੰਘਣਾ ਕਰਨ 'ਤੇ 48 ਘੰਟਿਆਂ ਲਈ ਪ੍ਰਚਾਰ 'ਤੇ ਬੈਨ ਲਗਾ ਦਿੱਤਾ ਹੈ। ਚੋਣ ਕਮਿਸ਼ਨ ਨੇ ਕਿਹਾ ਕਿ 6 ਅਪ੍ਰੈਲ ਨੂੰ ਸਿਰਸਿੱਲਾ 'ਚ ਪੱਤਰਕਾਰ ਸੰਮੇਲਨ ਵਿਚ ਰਾਓ ਦੀ ਟਿੱਪਣੀ ਆਦਰਸ਼ ਚੋਣ ਜਾਬਤੇ ਦੇ ਨਿਯਮਾਂ ਦੀ ਉਲੰਘਣਾ ਸੀ। ਕਾਂਗਰਸੀ ਨੇਤਾ ਰਣਦੀਪ ਸਿੰਘ ਸੁਰਜੇਵਾਲਾ ਤੋਂ ਬਾਅਦ ਰਾਓ ਦੂਜੇ ਨੇਤਾ ਹਨ, ਜਿਨ੍ਹਾਂ 'ਤੇ ਮੌਜੂਦਾ ਲੋਕ ਸਭਾ ਚੋਣਾਂ ਵਿਚ ਪ੍ਰਚਾਰ ਕਰਨ 'ਤੇ 48 ਘੰਟੇ ਦੀ ਪਾਬੰਦੀ ਲਾਈ ਗਈ ਹੈ। ਤੇਲੰਗਾਨਾ ਕਾਂਗਰਸ ਨੇ ਸੀਨੀਅਨ ਉਪ-ਪ੍ਰਧਾਨ ਜੀ. ਨਿਰੰਜਨ ਦੁਆਰਾ 6 ਅਪ੍ਰੈਲ ਨੂੰ ਦਰਜ ਕਰਵਾਈ ਗਈ ਸ਼ਿਕਾਇਤ ਮੁਤਾਬਕ, ਕੇ.ਸੀ.ਆਰ. ਨੇ ਕਥਿਤ ਤੌਰ 'ਤੇ ਕਾਂਗਰਸ ਨੂੰ ਲੈ ਕੇ ਇਤਰਾਜਯੋਗ ਸ਼ਬਦਾਂ ਦੀ ਵਰਤੋਂ ਕੀਤੀ ਸੀ। ਸ਼ਿਕਾਇਤ ਤੋਂ ਬਾਅਦ ਦੋਸ਼ਾਂ ਦੀ ਜਾਂਚ ਕਰਨ ਵਾਲੇ ਮੁੱਖ ਚੋਣ ਅਧਿਕਾਰੀ ਨੇ ਚੋਣ ਕਮਿਸ਼ਨ ਨੂੰ ਇਕ ਰਿਪੋਰਟ ਸੌਂਪੀ। ਕਮਿਸ਼ਨ ਨੇ 16 ਅਪ੍ਰੈਲ ਨੂੰ ਕੇ.ਸੀ.ਆਰ. ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਸੀ। ਹਾਲਾਂਕਿ, ਕੇ.ਸੀ.ਆਰ. ਨੇ ਇਨ੍ਹਾਂ ਦੋਸਾਂ ਨੂੰ ਰੱਦ ਕਰਦਿਆਂ ਦੋਸ ਲਾਇਆ ਕਿ ਕਾਂਗਰਸ ਨੇ ਉਨ੍ਹਾਂ ਦੇ ਤੇਲਗੂ ਭਾਸਣ ਦੇ ਅੰਗਰੇਜੀ ਅਨੁਵਾਦ ਨੂੰ ਤੋੜ-ਮਰੋੜ ਕੇ ਪੇਸ ਕੀਤਾ ਹੈ। ਬੀ.ਆਰ.ਐੱਸ. ਮੁਖੀ ਨੇ ਨੋਟਿਸ ਦੇ ਜਵਾਬ ਵਿੱਚ ਚੋਣ ਕਮਿਸਨ ਨੂੰ ਕਿਹਾ ਸੀ, "ਤੇਲੰਗਾਨਾ ਅਤੇ ਸਿਰਸੀਲਾ ਵਿੱਚ ਚੋਣਾਂ ਦੇ ਇੰਚਾਰਜ ਅਧਿਕਾਰੀ ਤੇਲਗੂ ਲੋਕ ਨਹੀਂ ਹਨ ਅਤੇ ਉਹ ਤੇਲਗੂ ਦੀ ਸਥਾਨਕ ਬੋਲੀ ਨੂੰ ਮੁਸ਼ਕਿਲ ਨਾਲ ਸਮਝਦੇ ਹਨ।

ਭਾਜਪਾ ਉਮੀਦਵਾਰ ਸਾਬਕਾ ਮੁੱਖ ਮੰਤਰੀ ਖੱਟੜ ਨੂੰ ਝੇਲਣਾ ਪੈ ਰਿਹੈ ਕਿਸਾਨਾਂ ਦਾ ਗੁੱਸਾ

ਏਜੰਸੀਆਂ

ਹਰਿਆਣਾ 4 ਮਈ। ਹਰਿਆਣਾ ਵਿਚ ਲੋਕ ਸਭਾ ਚੋਣ ਪ੍ਰਚਾਰ ਦੌਰਾਨ ਭਾਜਪਾ ਉਮੀਦਵਾਰਾਂ ਨੂੰ ਕਿਸਾਨਾਂ ਦੇ ਗੁੱਸੇ ਦਾ



ਸਾਹਮਣਾ ਕਰਨਾ ਪੈ ਰਿਹਾ ਹੈ। ਇਥੋਂ ਤੱਕ ਕਿ ਕਰਨਾਲ ਸੰਸਦੀ ਸੀਟ ਤੋਂ ਭਾਜਪਾ ਦੇ ਉਮੀਦਵਾਰ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨੂੰ ਵੀ ਕਿਸਾਨਾਂ ਦੇ ਗੁੱਸੇ ਦਾ ਸ?ਿਕਾਰ ਹੋਣਾ ਪਿਆ। ਹਾਲੀਆ ਚੋਣ ਪ੍ਰਚਾਰ ਦੌਰਾਨ ਉਨ੍ਹਾਂ ਨੂੰ ਹਲਕੇ ਵਿਚ ਘੱਟੋ-ਘੱਟ 5 ਥਾਵਾਂ 'ਤੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ। ਭਾਰਤੀ ਕਿਸਾਨ ਯੂਨੀਅਨ ਬੀ. ਕੇ. ਯੂ. (ਸਰ ਛੋਟੂ ਰਾਮ) ਦੇ ਪ੍ਰਧਾਨ ਜਗਦੀਪ ਸਿੰਘ ਔਲਖ ਨੇ ਮੀਡੀਆ ਨੂੰ ਦਿੱਤੇ ਬਿਆਨ ਵਿਚ ਕਿਹਾ ਹੈ ਕਿ ਕਿਸਾਨ ਪਿਛਲੇ ਕਰੀਬ 5 ਸਾਲਾਂ ਦੌਰਾਨ ਉਨ੍ਹਾਂ ਨਾਲ ਹੋਈ ਬੇਇਨਸਾਫੀ ਸਬੰਧੀ ਖੱਟੜ ਤੋਂ ਸਵਾਲ ਪੁੱਛਣਾ ਚਾਹੁੰਦੇ ਸਨ ਪਰ ਜਦੋਂ ਪੁਲਸ ਨੇ ਸਾਬਕਾ ਸੀ. ਐੱਮ. ਖੱਟੜ ਨੂੰ ਮਿਲਣ ਨਹੀਂ ਦਿੱਤਾ ਗਿਆ ਤਾਂ ਕਿਸਾਨਾਂ ਨੂੰ ਪ੍ਰਦਰਸਨ ਕਰਨਾ ਪਿਆ। ਔਲਖ ਅਨੁਸਾਰ ਘੱਟੋ-ਘੱਟ 25 ਪਿੰਡਾਂ ਦੇ ਕਿਸਾਨ 2 ਮਹੀਨੇ ਪਹਿਲਾਂ ਗੜੇਮਾਰੀ ਕਾਰਨ ਉਨ੍ਹਾਂ ਦੀਆਂ ਫਸਲਾਂ ਦਾ ਮੁਆਵਜਾ ਨਾ ਮਿਲਣ ਕਾਰਨ ਪ੍ਰੇਸਾਨ ਸਨ। ਦੂਜੇ ਪਾਸੇ ਖੱਟੜ ਨੇ ਵਿਰੋਧੀ ਧਿਰ ਕਾਂਗਰਸ ਨੂੰ ਆਪਣੇ ਖ?ਿਲਾਫ ਪ੍ਰਦਰਸਨਾਂ ਲਈ ਜ?ਿੰਮੇਵਾਰ ਠਹਿਰਾਉਂਦੇ ਹੋਏ ਕਿਹਾ ਕਿ ਪੁਰਾਣੀ ਪਾਰਟੀ ਦੀ ਹਾਲਤ ਵਿਗੜ ਰਹੀ ਹੈ। ਉਨ੍ਹਾਂ ਕਿਹਾ ਕਿ ਇਕ-ਦੋ ਘਟਨਾਵਾਂ ਨੂੰ ਛੱਡ ਕੇ ਉਨ੍ਹਾਂ ਦੇ ਜਨ ਸੰਪਰਕ ਪ੍ਰੋਗਰਾਮ ਦੌਰਾਨ ਉਨ੍ਹਾਂ ਨੂੰ ਲੋਕਾਂ ਵੱਲੋਂ ਚੰਗਾ ਹੁੰਗਾਰਾ ਮਿਲਿਆ ਹੈ। ਖੱਟੜ ਨੇ ਕਿਹਾ ਕਿ ਇਹ ਵੀ ਸੱਚ ਹੈ ਕਿ ਸਵਾਰਥੀ ਹਿੱਤਾਂ ਵਾਲੇ ਕੁਝ ਲੋਕਾਂ ਦਾ ਲੁਕਵਾਂ ਏਜੰਡਾ ਹੈ। ਮੈਂ ਉਨ੍ਹਾਂ ਦਾ ਸਾਹਮਣਾ ਕੀਤਾ, ਇਹ ਲੋਕਤੰਤਰ ਲਈ ਆਦਰਸ ਨਹੀਂ ਹੋ ਸਕਦਾ ਹੈ ਪਰ ਇਹ ਲੋਕਤੰਤਰ ਵਿਚ ਵਿਚਾਰਧਾਰਾਵਾਂ ਦੀ ਲੜਾਈ ਹੈ ਜਿਸ ਵਿਚ ਹਰ ਕਿਸੇ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਅਧਿਕਾਰ ਹੈ।

ਸੁਪਰੀਮ ਕੋਰਟ ਦੀ ਸਖਤ ਟਿੱਪਣੀ; ਹਿੰਦੂ ਵਿਆਹ 'ਚ ਸੱਤ ਫੇਰੇ ਹੋਣੇ ਲਾਜਮੀ, ਇਸ ਤੋਂ ਬਿਨਾਂ ਵਿਆਹ ਜਾਇਜ ਨਹੀਂ

ਨਵੀਂ ਦਿੱਲੀ 4 ਮਈ। ਸੁਪਰੀਮ ਕੋਰਟ ਨੇ ਕਿਹਾ ਹੈ ਕਿ ਹਿੰਦੂ ਵਿਆਹ ਨੱਚਣ, ਖਾਣ-ਪੀਣ ਜਾਂ ਵਪਾਰਕ ਲੈਣ-ਦੇਣ ਦਾ ਮੌਕਾ ਨਹੀਂ ਹੈ। ਜਾਇਜ ਰਸਮਾਂ ਨੂੰ ਪੂਰਾ ਕੀਤੇ ਬਿਨਾਂ ਕਿਸੇ ਵੀ ਵਿਆਹ ਨੂੰ ਹਿੰਦੂ ਵਿਆਹ ਐਕਟ ਅਧੀਨ ਮਾਨਤਾ ਨਹੀਂ ਦਿੱਤੀ ਜਾ ਸਕਦੀ। ਜਸਟਿਸ ਬੀ. ਵੀ. ਨਾਗਰਥਨਾ ਤੇ ਜਸਟਿਸ ਆਗਸਟੀਨ ਜਾਰਜ ਮਸੀਹ ਦੇ ਬੈਂਚ ਨੇ ਕਿਹਾ ਕਿ ਹਿੰਦੂ ਵਿਆਹ ਇਕ ਸੰਸਕਾਰ ਅਤੇ ਪਵਿੱਤਰ ਬੰਧਨ ਹੈ। ਇਸ ਨੂੰ ਭਾਰਤੀ ਸਮਾਜ 'ਚ ਬਹੁਤ ਮਹੱਤਵ ਦਿੱਤਾ ਜਾਂਦਾ ਹੈ। ਕੁਝ ਦਿਨ ਪਹਿਲਾਂ ਪਾਸ ਕੀਤੇ ਆਪਣੇ ਹੁਕਮ 'ਚ ਬੈਂਚ ਨੇ ਨੌਜਵਾਨਾਂ ਤੇ ਮੁਟਿਆਰਾਂ ਨੂੰ ਵਿਆਹ ਦੇ ਬੰਧਨ ਵਿਚ ਬੱਝਣ ਤੋਂ ਪਹਿਲਾਂ ਡੂੰਘਾਈ ਨਾਲ ਸੋਚਣ ਦੀ ਅਪੀਲ ਕੀਤੀ ਕਿਉਂਕਿ ਵਿਆਹ ਭਾਰਤੀ ਸਮਾਜ ਦਾ ਇੱਕ ਪਵਿੱਤਰ ਬੰਧਨ ਹੈ। ਬੈਂਚ ਨੇ ਇਹ ਟਿੱਪਣੀ ਦੋ ਸਿਖਲਾਈ ਪ੍ਰਾਪਤ ਕਮਰਸੀਅਲ ਪਾਇਲਟਾਂ ਦੇ ਮਾਮਲੇ 'ਚ ਆਪਣੇ ਹੁਕਮ 'ਚ ਕੀਤੀ। ਦੋਹਾਂ ਪਾਇਲਟਾਂ ਨੇ ਕਾਨੂੰਨੀ ਰੀਤੀ ਰਿਵਾਜਾਂ ਰਾਹੀਂ ਵਿਆਹ ਕਰਵਾਏ ਬਿਨਾਂ ਤਲਾਕ ਦੀ ਮਨਜ਼ੂਰੀ ਮੰਗੀ ਸੀ। ਬੈਂਚ ਨੇ ਆਪਣੇ ਹੁਕਮਾਂ 'ਚ ਕਿਹਾ ਕਿ ਜਿੱਥੇ ਹਿੰਦੂ ਵਿਆਹ 'ਸਪਤਪਦੀ' ਭਾਵ ਲਾੜੇ ਤੇ ਲਾੜੀ ਵਲੋਂ ਪਵਿੱਤਰ ਅਗਨੀ ਦੇ ਸਾਹਮਣੇ ਸੱਤ ਫੇਰੇ

ਪਾਸਪੋਰਟ ਸੇਵਾ ਕੇਂਦਰ ਲੋਕਾਂ ਨੂੰ ਸਹੂਲਤਾਂ ਦੇਣ 'ਚ ਰਿਹਾ 'ਫੇਲ'

ਮੋਗਾ 4 ਮਈ। ਕੇਂਦਰ ਸਰਕਾਰ ਵੱਲੋਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਅੱਜ ਤੋਂ 5 ਵਰ੍ਹੇ ਪਹਿਲਾ ਖ਼ੇਤਰੀ ਪਾਸਪੋਰਟ ਦਫ਼ਤਰਾਂ ਦੇ ਨਾਲ-ਨਾਲ ਛੋਟੇ ਸ਼ਹਿਰਾਂ ਵਿੱਚ ਪਾਸਪੋਰਟ ਸੇਵਾ ਕੇਂਦਰ ਖੋਲ੍ਹੇ ਗਏ ਸਨ ਤਾਂ ਜੋ ਲੋਕਾਂ ਨੂੰ ਪਾਸਪੋਰਟ ਦੀ ਸੇਵਾ ਜਲਦੀ ਅਤੇ ਉਨ੍ਹਾਂ ਦੇ ਨੇੜਲੇ ਸ਼ਹਿਰਾਂ ਤੋਂ ਪ੍ਰਾਪਤ ਹੋ ਸਕੇ। ਇਸੇ ਲੜੀ ਦੇ ਤਹਿਤ ਮੋਗਾ ਵਿਖੇ ਮਾਰਚ 2018 ਵਿੱਚ ਖੋਲ੍ਹਿਆ ਗਿਆ ਪਾਸਪੋਰਟ ਦਫ਼ਤਰ ਅੱਜ ਲੋਕਾਂ ਨੂੰ ਸਹੀ ਸਹੂਲਤਾਂ ਦੇਣ ਵਿੱਚ ਫ਼ੇਲ ਸਾਬਿਤ ਹੁੰਦਾ ਦਿਖਾਈ ਦੇ ਰਿਹਾ ਹੈ। ਦੱਸਣਾ ਬਣਦਾ ਹੈ ਕਿ ਜਦੋਂ ਮਾਲਵਾ ਖਿੱਤੇ ਦੀ ਧੁੰਨੀ ਵਜੋਂ ਜਾਣੇ ਜਾਂਦੇ ਮੋਗਾ ਸ਼ਹਿਰ ਵਿੱਚ ਮਾਲਵਾ ਖ਼ੇਤਰ ਵਿੱਚੋਂ ਸਭ ਤੋਂ ਪਹਿਲਾ ਪਾਸਪੋਰਟ ਦਫ਼ਤਰ ਬਣਨ ਲੱਗਾ ਸੀ ਤਾਂ ਆਮ ਲੋਕਾਂ ਨੂੰ ਇਹ ਆਸ ਬੱਝੀ ਸੀ ਕਿ ਉਨ੍ਹਾਂ ਨੂੰ ਨਵੇਂ ਪਾਸਪੋਰਟ ਬਣਾਉਣ ਜਾਂ ਉਨ੍ਹਾਂ ਨੂੰ ਨਵਿਆਉਣ ਲਈ ਹੁਣ ਜਲੰਧਰ ਜਾਂ ਚੰਡੀਗੜ੍ਹ ਦੇ ਖ਼ੇਤਰੀ ਪਾਸਪੋਰਟ ਦਫ਼ਤਰਾਂ ਵਿੱਚ ਜਾਣ ਦੀ ਲੋੜ ਨਹੀਂ ਪਵੇਗੀ। ਮੋਗਾ ਦਫ਼ਤਰ ਵੀ ਲੋਕਾਂ ਨੂੰ ਸਹੂਲਤਾਂ ਦੇਵੇਗਾ ਪਰ ਪਹਿਲੇ ਦਿਨ ਤੋਂ ਇਸ ਦਫ਼ਤਰ ਕਰਕੇ ਲੋਕਾਂ ਨੂੰ ਤਰ੍ਹਾਂ-ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਝੱਲਣੀਆਂ ਪੈ ਰਹੀਆਂ ਹਨ। ਅੱਜ ਤੜਕਸਾਰ ਪਿਛਲੇ ਦੋ ਮਹੀਨਿਆਂ ਤੋਂ ਪਾਸਪੋਰਟਾਂ ਨਾਲ ਸਬੰਧਿਤ ਕੰਮ-ਧੰਦਿਆਂ ਲਈ ਦਫ਼ਤਰ ਪੁੱਜੇ ਲੋਕਾਂ ਨੂੰ ਉਦੋਂ ਪੂਰਾ ਦਿਨ ਭੁੱਖਣ ਭਾਣੇ ਲਾਈਨਾਂ ਵਿੱਚ ਖੜ੍ਹ ਕੇ ਲੰਮੀ ਉਡੀਕ ਕਰਨੀ ਪਈ, ਜਦੋਂ ਪਾਸਪੋਰਟ ਦਫ਼ਤਰ ਵਿਖੇ ਬਿਜਲੀ ਨਹੀਂ ਸੀ। ਬਿਜਲੀ ਨਾ ਹੋਣ ਕਾਰਨ ਲੋਕਾਂ ਨੂੰ ਸਹੂਲਤਾਵਾਂ ਪ੍ਰਦਾਨ ਨਹੀਂ ਹੋ ਸਕਿਆ। ਸਵੇਰੇ 9 ਵਜੇ ਤੋਂ

ਨਿਸ਼ਚਿਤ ਸਮੇਂ ਸਿਰ ਆਪਣੀ ਵਾਰੀ ਦਾ ਉਡੀਕ ਕਰ ਰਹੇ ਲੋਕਾਂ ਨੇ ਉਦੋਂ ਹਾਹਾਕਾਰ ਮਚਾ ਦਿੱਤੀ, ਜਦੋਂ ਦੁਪਹਿਰ 2 ਵਜੇ ਤੱਕ ਪਾਸਪੋਰਟ ਦਫ਼ਤਰ ਵਿੱਚ ਨਾ ਤਾਂ ਬਿਜਲੀ ਆਈ ਅਤੇ ਨਾ ਦਫ਼ਤਰ ਦੇ ਅਧਿਕਾਰੀਆਂ ਨੇ ਕੋਈ ਬਦਲਵੇਂ ਪ੍ਰਬੰਧ ਕਰ ਕੇ ਲੋਕਾਂ ਦੀ ਸਮੱਸਿਆ ਦਾ ਹੱਲ ਕੀਤਾ। ਮੋਗਾ ਨਿਵਾਸੀ ਸੀਨੀਅਰ ਸਿਟੀਜ਼ਨ ਮਹਿੰਦਰ ਸਿੰਘ ਕਟਾਰੀਆ ਨੇ ਕਿਹਾ ਕਿ ਇਕ ਪਾਸਪੋਰਟ ਦਾ ਦੋ ਹਜ਼ਾਰ ਰੁਪਏ ਖਰਚ ਆਉਂਦਾ ਹੈ ਪਰ ਇਸ ਦਫ਼ਤਰ ਵਿੱਚ ਬਿਜਲੀ ਪਾਣੀ ਅਤੇ ਬੈਠਣ ਲਈ ਕੋਈ ਖਾਸ ਸਹੂਲਤ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਸੀਨੀਅਰ ਸਿਟੀਜ਼ਨ ਨੂੰ ਵੀ ਖੜ੍ਹ ਕੇ ਆਪਣੀ ਵਾਰੀ ਦੀ ਉਡੀਕ ਕਰਨੀ ਪੈਂਦੀ ਹੈ। ਉਨ੍ਹਾਂ ਨੇ ਦੋਸ਼ ਲਾਇਆ ਕਿ ਕੋਈ ਅਧਿਕਾਰੀ ਉਹਨਾਂ ਦੀ ਸੁਣਵਾਈ ਨਹੀਂ ਕਰਦਾ। ਨੌਜਵਾਨ ਗੁਰਸ਼ਰਨ ਸਿੰਘ ਚੂਹੜਚੱਕ ਨੇ ਕਿਹਾ ਕਿ ਸਵੇਰੇ 10 ਤੋਂ ਉਹ ਲਾਈਨ ਵਿੱਚ ਖੜ੍ਹੇ ਹਨ, ਜਦੋਂਕਿ 11 ਵਜੇ ਦੀ ਬੰਦ ਬਿਜਲੀ ਹਾਲੇ ਤੱਕ ਨਹੀਂ ਚੱਲੀ। ਉਨ੍ਹਾਂ ਕਿਹਾ ਕਿ ਬਿਜਲੀ ਆਉਣ ਦਾ ਸਮਾਂ 5 ਵਜੇ ਦੱਸ ਰਹੇ ਹਨ, ਜਦੋਂਕਿ ਦਫ਼ਤਰ ਦਾ ਸਮਾਂ ਸਾਢੇ 4 ਵਜੇ ਤੱਕ ਦਾ ਹੈ। ਹਰਿਆਣਾ ਦੇ ਸਿਰਸਾ ਜ਼ਿਲ੍ਹੇ ਨਾਲ ਸਬੰਧਿਤ ਦੀਪਕ ਕੁਮਾਰ ਨੇ ਕਿਹਾ ਕਿ ਪਹਿਲਾਂ ਹੀ ਦੋ ਮਹੀਨੇ ਦੀ ਉਡੀਕ ਮਗਰੋਂ ਤਰੀਖ ਮਿਲੀ ਸੀ, ਜੇ ਅੱਜ ਪਾਸਪੋਰਟ ਨਾ ਅਪਲਾਈ ਹੋਇਆ ਤਾਂ ਫ਼ਿਰ ਦੋ ਮਹੀਨੇ ਹੋਰ ਉਡੀਕ ਕਰਨੀ ਪਵੇਗੀ। ਕੜਿਆਲ ਪਿੰਡ ਦੀ ਕੁੜੀ ਹਰਦੀਪ ਕੌਰ ਦਾ ਕਹਿਣਾ ਸੀ ਕਿ ਮੇਰਾ ਭਲਕੇ ਪੇਪਰ ਹੈ ਪਰ ਪਾਸਪੋਰਟ ਸੇਵਾ ਨਾ ਚੱਲਣ ਕਰ ਕੇ ਉਸ ਨੂੰ ਉਡੀਕ ਕਰਨੀ ਪੈ ਰਹੀ ਹੈ। ਦੱਸਣਾ ਬਣਦਾ ਹੈ ਕਿ ਰੋਜ਼ਾਨਾਂ ਇਸ ਦਫ਼ਤਰ ਰਾਹੀਂ 50 ਪਾਸਪੋਰਟ ਅਪਲਾਈ ਕੀਤੇ ਜਾਂਦੇ ਹਨ। ਇਸੇ ਦੌਰਾਨ ਪਾਸਪੋਰਟ ਅਧਿਕਾਰੀ ਇੰਚਾਰਜ ਸਤਪਾਲ ਦਾ ਕਹਿਣਾ ਸੀ ਕਿ ਜਦੋਂ ਦੀ ਲਾਈਟ ਗਈ ਹੈ, ਉਹ ਜਰਨੇਟਰ ਦਾ ਪ੍ਰਬੰਧ ਕਰ ਰਹੇ ਹਨ। ਉਹ ਲੋਕਾਂ ਦੇ ਕਾਗਜ਼ਾਤ ਚੈੱਕ ਕਰ ਰਹੇ ਹਨ ਅਤੇ ਜਦੋਂ ਲਾਈਟ ਆਵੇਗੀ ਭਾਵੇਂ ਡਿਊਟੀ ਦਾ ਸਮਾਂ ਲੰਘ ਗਿਆ ਹੋਵੇ, ਉਹ ਸਾਰੇ ਪਾਸਪੋਰਟ ਅਪਲਾਈ ਕਰ ਕੇ ਜਾਣਗੇ। ਉਨ੍ਹਾਂ ਨੇ ਕਿਹਾ ਕਿ ਜਲਦੀ ਹੀ ਇਸ ਸਮੱਸਿਆ ਦਾ ਪੱਕੇ ਤੌਰ 'ਤੇ ਹੱਲ ਕੀਤਾ ਜਾਵੇਗਾ।

ਤਰਨਤਾਰਨ 'ਚ ਲੁੱਟੇਰਿਆਂ ਦੀ ਦਹਿਸ਼ਤ, ਔਰਤ ਦੀ ਧੌਣ 'ਤੇ ਕਿਰਪਾਨ ਰੱਖ ਕੇ ਖੋਹੀ ਸਕੂਟਰੀ ਤੇ ਹੋਰ ਸਾਮਾਨ

ਤਰਨਤਾਰਨ 4 ਮਈ। ਤੇਜ਼ਧਾਰ ਹਥਿਆਰਾਂ ਦੀ ਨੋਕ 'ਤੇ ਔਰਤ ਪਾਸੋਂ ਸਕੂਟਰੀ, ਮੋਬਾਈਲ ਫੋਨ ਅਤੇ ਪਰਸ ਖੋਹਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਸਬੰਧੀ ਥਾਣਾ ਸਦਰ ਪੱਟੀ ਦੀ ਪੁਲਸ ਨੇ ਅਣਪਛਾਤੇ ਤਿੰਨ ਮੁਲਜ਼ਮਾਂ ਖਿ?ਲਾਫ ਮਾਮਲਾ ਦਰਜ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਰਾਜਵਿੰਦਰ ਕੌਰ ਪਤਨੀ ਜੋਗਿੰਦਰ ਸਿੰਘ ਵਾਸੀ ਪਿੰਡ ਬਾਜਰਾਂ ਦੀ ਪੱਤੀ ਵਲਟੋਹਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੀਤੀ 2 ਅਕਤੂਬਰ ਦੀ ਦੁਪਹਿਰ 3 ਵਜੇ ਜਦੋਂ ਉਹ ਆਪਣੀ ਸਕੂਟਰੀ 'ਤੇ ਸਵਾਰ ਹੋ ਭਤੀਜੀ ਸਮੇਤ ਭੈਣ ਨੂੰ ਮਿਲਣ ਜਾ ਰਹੀ ਸੀ ਤਾਂ ਪਿੰਡ ਪੂਨੀਆ ਨਜ਼ਦੀਕ ਇਕ ਮੋਟਰਸਾਈਕਲ ਉੱਪਰ ਸਵਾਰ ਤਿੰਨ ਅਣਪਛਾਤੇ ਨੌਜਵਾਨਾਂ ਵੱਲੋਂ ਉਸਦੀ ਸਕੂਟਰੀ ਜ਼ਬਰਦਸਤੀ ਰੋਕ ਦਿੱਤੀ ਗਈ। ਇਸ

ਦੌਰਾਨ ਮੁਲਜ਼ਮਾਂ ਵੱਲੋਂ ਉਸਦੀਆਂ ਬਾਹਾਂ ਫੜ ਕੇ ਕਿਰਪਾਨ ਧੌਣ 'ਤੇ ਰੱਖ ਦਿੱਤੀ ਗਈ ਅਤੇ ਜਾਨੋ ਮਾਰਨ ਦੀ ਧਮਕੀ ਦੇਣੀ ਸ਼ੁਰੂ ਕਰ ਦਿੱਤੀ ਗਈ, ਜਿਸ ਤੋਂ ਬਾਅਦ ਮੁਲਜਮ ਉਸਦਾ ਪਰਸ, 3500 ਰੁਪਏ, ਦੋ ਮੋਬਾਇਲ ਫੋਨ ਅਤੇ ਸਕੂਟਰੀ ਖੋ ਕੇ ਫਰਾਰ ਹੋ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਏ. ਐੱਸ. ਆਈ. ਜਤਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਅਣਪਛਾਤੇ ਤਿੰਨ ਮੁਲਜ਼ਮਾਂ ਖਿ?ਲਾਫ ਮਾਮਲਾ ਦਰਜ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਨਸ਼ੀਲੀਆਂ ਗੋਲੀਆਂ ਦੀ ਸਪਲਾਈ ਕਰਨ ਜਾ ਰਹੇ 3 ਮੁਲਜਮ ਗ੍ਰਿਫ਼ਤਾਰ

ਸਮਰਾਲਾ 8 ਅਕਤੂਬਰ। ਸਥਾਨਕ ਪੁਲਸ ਨੇ ਕਾਰ ਸਵਾਰ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ ਵੱਡੀ ਮਾਤਰਾ 'ਚ ਪਾਬੰਦੀਸ਼ੁਦਾ ਨਸ਼ੀਲੀਆਂ ਗੋਲੀਆਂ ਟਰਾਮਾਡੋਲ ਬਰਾਮਦ ਕੀਤੀਆਂ ਹਨ। ਇਹ ਵਿਅਕਤੀ ਚੰਡੀਗੜ੍ਹ ਤੋਂ ਨਸ਼ੀਲੀ ਦਵਾਈਆਂ ਦੀ ਖੇਪ ਲੈ ਕੇ ਆ ਰਹੇ ਸਨ ਅਤੇ ਅੱਗੇ ਲੁਧਿਆਣਾ ਵਿਖੇ ਇਸ ਦੀ ਸਪਲਾਈ ਕੀਤੀ ਜਾਣੀ ਸੀ। ਪੁਲਸ ਨੂੰ ਮੁੱਢਲੀ ਪੁੱਛਗਿਛ ਵਿਚ ਇਹ ਵੀ ਪਤਾ ਲੱਗਿਆ ਹੈ, ਕਿ ਗ੍ਰਿਫ਼ਤਾਰ ਕੀਤੇ ਵਿਅਕਤੀ 2500-2500 ਰੁਪਏ ਬਦਲੇ ਸਿਰਫ ਇਨ੍ਹਾਂ ਨਸ਼ੀਲੀਆਂ ਦਵਾਈਆਂ ਦੀ ਸਪਲਾਈ ਅੱਗੇ ਪਹੁੰਚਾਉਣ ਦਾ ਕੰਮ ਕਰਦੇ ਸਨ ਅਤੇ ਇਸ ਪੂਰੇ ਮਾਮਲੇ ਨਾਲ ਜੁੜੇ ਹੋਰ ਵਿਅਕਤੀਆਂ ਬਾਰੇ ਪੜਤਾਲ ਕੀਤੀ ਜਾ ਰਹੀ ਹੈ। ਡੀ.ਐੱਸ.ਪੀ. ਜਸਪਿੰਦਰ ਸਿੰਘ ਨੇ ਜਾਣਕਾਰੀ ਦਿੰਦੇ

ਹੋਏ ਦੱਸਿਆ ਕਿ, ਸਥਾਨਕ ਪੁਲਸ ਨਸ਼ਿਆਂ ਖਿਲਾਫ਼ ਲਗਾਤਾਰ ਕਾਰਵਾਈ ਵਿਚ ਜੁਟੀ ਹੋਈ ਹੈ ਅਤੇ ਇਸੇ ਕੜੀ ਅਧੀਨ ਹੋਡੋਂ ਪੁਲਸ ਚੌਕੀ ਦੇ ਮੁਲਾਜ਼ਮਾਂ ਨੇ ਨਾਕਾਬੰਦੀ ਦੌਰਾਨ ਹੌਂਡਾ ਅਮੇਜ ਕਾਰ ਨੂੰ ਰੋਕ ਕੇ ਜਦੋਂ ਤਲਾਸ਼ੀ ਲਈ ਤਾਂ ਉਸ ਵਿੱਚੋਂ 10 ਹਜ਼ਾਰ ਪਾਬੰਦੀਸ਼ੁਦਾ ਟਰਾਮਾਡੋਲ ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆ। ਕਾਰ ਵਿਚ ਸਵਾਰ ਤਿੰਨ ਵਿਅਕਤੀਆਂ ਖਰੜ ਨਿਵਾਸੀ ਸੰਦੀਪ ਸਿੰਘ, ਮਲਕੀਤ ਸਿੰਘ ਅਤੇ ਲਖਵੀਰ ਸਿੰਘ ਦੋਵੇਂ ਨਿਵਾਸੀ ਚੰਡੀਗੜ੍ਹ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਤੋਂ ਪੁੱਛਿਆ ਗਿਆ ਤਾਂ ਦੋਸ਼ੀਆਂ ਨੇ ਦੱਸਿਆ ਕਿ, ਉਨ੍ਹਾਂ ਨੂੰ 2500-2500 ਰੁਪਏ ਮਿਲਣੇ ਸਨ ਅਤੇ ਇਹ ਸਪਲਾਈ ਉਨ੍ਹਾਂ ਲੁਧਿਆਣਾ ਵਿਖੇ ਪਹੁੰਚਾਉਣੀ ਸੀ। ਪੁਲਸ ਨੇ ਦੋਸ਼ੀਆਂ ਖਿਲਾਫ਼ ਐੱਨ.ਡੀ.ਪੀ.ਐੱਸ. ਐਕਟ ਅਧੀਨ ਮਾਮਲਾ ਦਰਜ ਕਰ ਲਿਆ ਹੈ।

ਨਾਜਾਇਜ਼ ਮਾਈਨਿੰਗ ਖਿਲਾਫ ਡਿਪਟੀ ਕਮਿਸ਼ਨਰ ਦੀ ਵੱਡੀ ਕਾਰਵਾਈ

ਨਵਾਂਸ਼ਹਿਰ 4 ਮਈ। ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਮੰਗਲਵਾਰ ਨੂੰ ਪਿੰਡ ਰਤਨਾਣਾ ਨਾਲ ਲੱਗਦੇ ਦਰਿਆ ਵਿਖੇ ਰੇਡ ਕਰਕੇ ਵਰਤੋਂ 'ਚ ਲਿਆਂਦੀਆਂ ਜਾਣ ਵਾਲੀਆਂ ਦੋ ਜੇ. ਸੀ. ਬੀ. ਮਸ਼ੀਨਾਂ ਜ਼ਬਤ ਕੀਤੀਆਂ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਰਤਨਾਣਾ ਨਾਲ ਲੱਗਦੇ ਦਰਿਆ ਵਿਖੇ ਰਾਤ ਦੇ ਸਮੇਂ ਨਾਜਾਇਜ ਮਾਈਨਿੰਗ ਕੀਤੀ ਜਾ ਰਹੀ ਹੈ। ਇਸ ਸਬੰਧੀ ਸੂਚਨਾ ਮਿਲਣ ਉਪਰੰਤ ਜਦ ਮੌਕੇ 'ਤੇ ਦਰਿਆ 'ਚ ਰੇਡ ਕੀਤੀ ਗਈ ਤਾਂ, ਪੰਜ ਫੁੱਟ ਡੂੰਘੀਆਂ ਰੇਤ ਦੀਆਂ ਖੱਡਾਂ ਮਿਲੀਆਂ। ਇਸ ਨੂੰ ਵੇਖਦੇ ਹੋਏ ਇਹ ਅੰਦਾਜਾ ਲਾਇਆ ਜਾ ਰਿਹਾ ਹੈ ਕਿ ਰਾਤ ਦੇ ਸਮੇਂ ਇਸ ਥਾਂ ਤੋਂ ਕਾਫੀ ਗਿਣਤੀ 'ਚ ਟਿੱਪਰ ਅਤੇ ਟਰਾਲੀਆਂ ਰਾਹੀਂ ਨਾਜਾਇਜ ਮਾਈਨਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਮਾਈਨਿੰਗ ਮਾਫੀਆ ਵੱਲੋਂ ਇਸ ਰੱਸਤੇ ਤੋਂ ਨਾਜਾਇਜ ਮਾਈਟਿੰਗ ਦੀਆਂ ਗੱਡੀਆਂ ਜਾਂਦੀਆਂ ਸਨ, ਉਸ ਜਗ੍ਹਾ 'ਚ ਵੱਡੇ-ਵਡੇ ਟੋਏ ਪੁੱਟ ਕੇ ਰਸਤੇ ਨੂੰ ਬਲਾਕ

ਕੀਤਾ ਗਿਆ ਸੀ ਤਾਂ ਜੇਕਰ ਰਾਤ ਦੇ ਸਮੇਂ ਕੋਈ ਅਧਿਕਾਰੀ ਚੈਕਿੰਗ ਕਰਨ ਆਉਂਦਾ ਹੈ ਤਾਂ ਇਨ੍ਹਾਂ ਰਸਤਿਆਂ ਰਾਹੀਂ ਨਾਜਾਇਜ ਮਾਈਨਿੰਗ ਵਾਲੀ ਥਾਂ 'ਤੇ ਪਹੁੰਚ ਨਾ ਕੀਤੀ ਜਾ ਸਕੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜਦੋਂ ਇਸ ਨਾਜਾਇਜ ਮਾਈਨਿੰਗ ਵਾਲੀ ਥਾਂ ਦੇ ਆਲੇ-ਦੁਆਲੇ ਚੈਕਿੰਗ ਕੀਤੀ ਗਈ ਤਾਂ ਇਕ ਦੂਸਰੇ ਤੋਂ ਦੂਰ ਦੋਵੇਂ ਜੇ. ਸੀ. ਬੀ. ਮਸ਼ੀਨਾਂ ਇਸ ਤਰ੍ਹਾਂ ਛੁਪਾ ਕੇ ਖੜ੍ਹੀਆਂ ਕੀਤੀਆਂ ਗਈਆਂ ਸਨ ਕਿ ਕੋਈ ਇਨ੍ਹਾਂ ਨੂੰ ਨਾ ਵੇਖ ਸਕੇ। ਉਨ੍ਹਾਂ ਦੱਸਿਆ ਕਿ ਦੋਨੋਂ ਜੇ. ਸੀ. ਬੀ. ਮਸ਼ੀਨਾਂ ਜ਼ਬਤ ਕਰ ਲਈਆਂ ਗਈਆਂ ਹਨ ਅਤੇ ਮੌਕੇ 'ਤੇ ਪੁਲਸ ਅਧਿਕਾਰੀਆਂ ਨੂੰ ਇਨ੍ਹਾਂ ਜੇ. ਸੀ. ਬੀ. ਮਸ਼ੀਨਾਂ ਦੇ ਮਾਲਕਾਂ ਅਤੇ ਇਹ ਜਿਸ ਕੰਮ 'ਚ ਪ੍ਰਯੋਗ ਕੀਤੀਆਂ ਜਾ ਰਹੀਆਂ ਸਨ ਸਬੰਧੀ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਪੁਲਸ ਨੇ ਮਸ਼ੀਨਾਂ ਕਬਜ਼ੇ ਵਿਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਨਾਜਾਇਜ ਮਾਈਨਿੰਗ ਕਰਨ ਵਾਲਿਆਂ ਖਿ?ਲਾਫ ਸਖਤ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ ਅਤੇ ਜਾਂਚ ਕਰਨ ਉਪਰੰਤ ਨਿਯਮਾਂ ਅਨੁਸਾਰ ਪਰਚੇ ਦਰਜ ਕੀਤੇ ਜਾਣਗੇ।

ਪਤੀ ਦੀ ਮੌਤ ਮਗਰੋਂ ਸਾਰਿਆਂ ਨੇ ਛੱਡਿਆ ਸਾਥ, ਹੁਣ ਬੱਚਿਆਂ ਦੇ ਪਾਲਣ ਲਈ ਚਲਾ ਰਹੀ ਢਾਬਾ

ਜਲੰਧਰ 4 ਮਈ। ਕਹਿੰਦੇ ਨੇ ਕਿ ਮਾੜੇ ਸਮਾਂ ਸਭ ਕੁਝ ਵਿਖਾ ਜਾਂਦਾ ਹੈ ਕਿ ਕੌਣ ਹੈ ਕਿੰਨਾ ਸਾਡਾ ਹੈ। ਅਜਿਹੇ ਹੀ ਕੁਝ ਹਾਲਾਤ ਹਨ ਜਲੰਧਰ 'ਚ ਆਪਣਾ ਛੋਟਾ ਜਿਹਾ ਢਾਬਾ ਚਲਾ ਰਹੀ ਬਲਜਿੰਦਰ ਕੌਰ ਦੇ। ਬਲਜਿੰਦਰ ਕੌਰ ਦੇ ਪਤੀ ਦੀ 9 ਮਹੀਨੇ ਪਹਿਲਾਂ ਮੌਤ ਹੋ ਗਈ ਸੀ, ਜਿਸ ਤੋਂ ਬਾਅਦ ਨਾ ਤਾਂ ਪਰਿਵਾਰ ਵਾਲਿਆਂ ਨੇ ਅਤੇ ਨਾ ਹੀ ਰਿਸਤੇਦਾਰਾਂ ਨੇ ਉਸ ਦਾ ਸਾਥ ਦਿੱਤਾ। ਘਰ ਅਤੇ ਢਾਬਾ ਦੋਵੇਂ ਕਿਰਾਏ 'ਤੇ ਹਨ ਪਰ ਹਾਲਾਤ ਅਜਿਹੇ ਹਨ ਕਿ ਦੋਹਾਂ ਦਾ ਕਿਰਾਇਆ ਦੇਣ ਲਈ ਪੈਸੇ ਉਧਾਰ ਲੈਣੇ ਪੈ ਰਹੇ ਹਨ। ਦੋ ਬੱਚੇ ਹਨ ਜੋ ਘਰ ਵਿਚ ਇਕੱਲੇ ਇਕ ਦੂਜੇ ਦੀ ਦੇਖਭਾਲ ਕਰਦੇ ਹਨ, ਕਿਉਂਕਿ ਪੇਟ ਪਾਲਣ ਲਈ ਮਾਂ ਦਿਨ-ਰਾਤ ਢਾਬੇ 'ਤੇ ਕੰਮ ਕਰ ਰਹੀ ਹੈ। ਟੀਮ ਨਾਲ

ਗੱਲਬਾਤ ਕਰਦਿਆਂ ਬਲਜਿੰਦਰ ਕੌਰ ਨੇ ਦੱਸਿਆ ਕਿ ਉਸ ਦੇ ਪਤੀ ਦੀ 9 ਮਹੀਨੇ ਪਹਿਲਾਂ ਬੀਮਾਰੀ ਕਾਰਨ ਮੌਤ ਹੋ ਗਈ ਸੀ। ਪਤੀ ਦੀ ਮੌਤ ਤੋਂ ਪਹਿਲਾਂ ਉਹ ਦੋਵੇਂ ਇਕੱਠੇ ਢਾਬਾ ਚਲਾਉਂਦੇ ਸਨ ਅਤੇ ਆਪਣੇ ਬੱਚਿਆਂ ਦੀ ਚੰਗੀ ਦੇਖਭਾਲ ਕਰਦੇ ਸਨ ਪਰ ਜਦੋਂ ਪਤੀ ਦੀ ਮੌਤ ਹੋ ਗਈ ਤਾਂ ਸਾਰੇ ਪਰਿਵਾਰਕ ਮੈਂਬਰ ਅਤੇ ਰਿਸਤੇਦਾਰ ਸਾਡੇ ਤੋਂ ਮੂੰਹ ਮੋੜ ਗਏ, ਕੋਈ ਵੀ ਸਾਡੀ ਮਦਦ ਲਈ ਅੱਗੇ ਨਹੀਂ ਆਇਆ। ਉਨ੍ਹਾਂ ਦੱਸਿਆ ਕਿ ਅੱਜ ਹਾਲਾਤ ਇਹ ਹਨ ਕਿ ਮੈਨੂੰ ਘਰ ਅਤੇ ਢਾਬੇ ਦਾ ਕਿਰਾਇਆ ਦੇਣ ਵਿੱਚ ਬਹੁਤ ਮੁਸਕਿਲ ਆ ਰਹੀ ਹੈ। ਕਈ ਵਾਰ ਮੈਨੂੰ ਕਿਰਾਇਆ ਦੇਣ ਲਈ ਪੈਸੇ ਉਧਾਰ ਲੈਣੇ ਪੈਂਦੇ ਹਨ। ਮੇਰਾ ਸੁਫਨਾ ਸੀ ਕਿ ਬੱਚਿਆਂ ਨੂੰ ਚੰਗੇ ਸਕੂਲ ਵਿੱਚ ਪੜ੍ਹਾਵਾਂ ਪਰ ਅੱਜ ਮੈਂ ਆਪਣੇ ਸਰਕਾਰੀ ਸਕੂਲ ਵਿੱਚ ਪੜ੍ਹਾ ਰਹੀ ਹਾਂ ਅਤੇ ਉਹ ਖੁਦ ਹੀ ਆਪਣੀ ਦੇਖਭਾਲ ਕਰ ਰਹੇ ਹਨ।

17 ਸਾਲਾ ਮੁੰਡੇ ਨੇ 4 ਸਾਲਾ ਬੱਚੀ ਨਾਲ ਕੀਤਾ ਜਬਰ ਜਿ?ਨਾਹ, ਖੇਡਣ ਦੇ ਬਹਾਨੇ ਬੁਲਾਇਆ ਸੀ ਘਰ

ਹਾਪੁੜ 4 ਮਈ। ਉੱਤਰ ਪ੍ਰਦੇਸ਼ ਦੇ ਹਾਪੁੜ ਜਿ?ਲ੍ਹੇ ਦੇ ਦੇਹਾਤ ਥਾਣਾ ਖੇਤਰ ਦੇ ਇਕ ਪਿੰਡ 'ਚ ਇਕ ਮੁੰਡੇ ਨੇ ਘਰ 'ਚ ਖੇਡਣ ਦੇ ਬਹਾਨੇ ਬੁਲਾ ਕੇ 4 ਸਾਲਾ ਬੱਚੀ ਨਾਲ ਜਬਰ ਜਿ?ਨਾਹ ਕੀਤਾ। ਇਹ ਜਾਣਕਾਰੀ ਪੁਲਸ ਨੇ ਦਿੱਤੀ। ਪੁਲਸ ਅਨੁਸਾਰ ਬੱਚੀ ਦੀ ਮਾਂ ਦੀ ਸ਼ਿਕਾਇਤ 'ਤੇ ਜਬਰ ਜਿ?ਨਾਹ ਅਤੇ ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ (ਪੋਕਸੋ) ਐਕਟ ਦੇ ਅਧੀਨ ਇਕ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਪੁਲਸ ਨੇ ਦੱਸਿਆ ਕਿ ਦੋਸ਼ੀ ਨੂੰ ਫੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਦੋਂ ਕਿ

ਆਪਣੀਆਂ ਹਰਕਤਾਂ ਤੋਂ ਬਾਜ ਨਹੀਂ ਆ ਰਿਹਾ ਪਾਕਿ, ਸਰਹੱਦ ਨੇੜਿਓਂ ਡਰੋਨ ਤੇ ਹੈਰੋਇਨ ਬਰਾਮਦ

ਤਰਨਤਾਰਨ 4 ਮਈ। ਗਵਾਂਢੀ ਦੇਸ ਪਾਕਿਸਤਾਨ ਆਪਣੀਆਂ ਹਰਕਤਾਂ ਤੋਂ ਬਾਜ ਨਹੀਂ ਆ ਰਿਹਾ ਹੈ। ਜਿਸ ਦੇ ਚਲਦਿਆਂ ਸਰਹੱਦੀ ਇਲਾਕੇ ਵਿੱਚ ਡਰੋਨ ਬਰਾਮਦ ਹੋਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ।ਇਸ ਦੀ ਇੱਕ ਹੋਰ ਤਾਜਾ ਮਿਸਾਲ ਉਸ ਵੇਲੇ ਵੇਖਣ ਨੂੰ ਮਿਲੀ ਜਦੋਂ ਭਾਰਤ ਪਾਕਿਸਤਾਨ ਸਰਹੱਦ ਨੇੜੇ ਖੇਤਾਂ ਵਿੱਚ ਡਿੱਗੇ ਪਾਕਿਸਤਾਨੀ ਡਰੋਨ ਅਤੇ 337 ਗ੍ਰਾਮ ਹੈਰੋਇਨ ਨੂੰ ਪੁਲਸ ਅਤੇ ਬੀ. ਐੱਸ. ਐੱਫ ਵੱਲੋਂ ਬਰਾਮਦ ਕੀਤਾ ਗਿਆ। ਇਸ ਸਬੰਧੀ ਥਾਣਾ ਵਲਟੋਹਾ ਵਿਖੇ ਅਣਪਛਾਤੇ ਤਸਕਰ ਖਿਲਾਫ ਮਾਮਲਾ ਦਰਜ ਕਰ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਜਾਣਕਾਰੀ ਦਿੰਦੇ ਹੋਏ ਡੀ. ਐੱਸ. ਪੀ. ਭਿੱਖੀਵਿੰਡ ਪ੍ਰੀਤਇੰਦਰ ਸਿੰਘ ਨੇ ਦੱਸਿਆ ਕਿ ਬੀਤੇ ਕੱਲ ਸਾਮ ਥਾਣਾ ਵਲਟੋਹਾ ਦੀ ਪੁਲਸ ਅਤੇ ਬੀ. ਐੱਸ. ਐੱਫ ਦੇ ਜਵਾਨਾਂ ਵੱਲੋਂ ਭਾਰਤ ਪਾਕਿਸਤਾਨ ਸਮਗਲਿੰਗ ਗਤੀਵਿਧੀਆਂ ਅਤੇ ਮਾੜੇ ਅਨਸਰਾਂ ਦੀ ਤਲਾਸ ਦੇ ਸਬੰਧੀ ਗਸਤ ਕੀਤੀ ਜਾ ਰਹੀ ਸੀ ਤਾਂ ਗੁਪਤ ਸੂਚਨਾ ਪ੍ਰਾਪਤ ਹੋਈ ਕਿ ਖੇਤਾਂ ਵਿੱਚ ਪਾਕਿਸਤਾਨੀ ਡਰੋਨ ਡਿੱਗਾ ਹੋਇਆ ਹੈ। ਇਸ ਦੌਰਾਨ ਸਾਂਝੇ ਤੌਰ ਉਪਰ ਤਲਾਸੀ ਅਭਿਆਨ ਚਲਾਉਂਦੇ ਹੋਏ ਪਿੰਡ ਕਾਲੀਆ ਵਿਖੇ ਮੌਜੂਦ ਗੁਰਵਿੰਦਰ ਸਿੰਘ ਪੁੱਤਰ ਧਰਮਿੰਦਰ ਸਿੰਘ ਵਾਸੀ ਕਾਲੀਆ ਦੇ ਖੇਤ ਵਿੱਚ ਡਿੱਗੇ ਹੋਏ ਇੱਕ ਚੀਨੀ ਡਰੋਨ ਨੂੰ ਬਰਾਮਦ ਕੀਤਾ ਗਿਆ। ਇਸ ਦੇ ਨਾਲ ਹੀ ਪੁਲਸ ਅਤੇ ਬੀ. ਐੱਸ. ਐੱਫ ਦੇ ਸਾਂਝੇ ਆਪਰੇਸਨ ਦੌਰਾਨ ਪਿੰਡ ਸੱਕਤਰਾ ਵਿਖੇ ਮਹਾਂਵੀਰ ਸਿੰਘ ਪੁੱਤਰ ਨਿੰਦਾ ਸਿੰਘ ਦੇ ਖੇਤਾਂ ਵਿੱਚ ਡਿੱਗੇ ਪੈਕਟ ਨੂੰ ਬਰਾਮਦ ਕੀਤਾ ਗਿਆ, ਜਿਸ ਵਿੱਚੋਂ 337 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਉਹਨਾਂ ਦੱਸਿਆ ਕਿ ਇਹ ਡਰੋਨ ਪਾਕਿਸਤਾਨ ਵੱਲੋਂ ਆਇਆ ਹੈ ਅਤੇ ਇਸ ਸਬੰਧੀ ਅਨਪਛਾਤੇ ਤਸਕਰ ਖਿਲਾਫ ਥਾਣਾ ਵਲਟੋਹਾ ਵਿਖੇ ਪਰਚਾ ਦਰਜ ਕਰ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਔਰਤ ਦੀ ਹਵਸ ਦੀ ਭੇਟ ਚੜ੍ਹਿਆ ਪਤੀ ! ਪੁਲਸ ਨੇ ਪਤਨੀ ਅਤੇ ਸੱਸ ਨੂੰ ਕੀਤਾ ਗ੍ਰਿਫਤਾਰ

ਤਰਨਤਾਰਨ 4 ਮਈ। ਪਤਨੀ ਦੇ ਨਾਜਾਇਜ਼ ਸਬੰਧਾਂ ਤੋਂ ਦੁਖੀ ਹੋ ਕੇ ਪਤੀ ਵੱਲੋਂ ਜਹਰੀਲੀ ਦਵਾਈ ਪੀ ਕੇ ਜੀਵਨ ਲੀਲਾ ਸਮਾਪਤ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਥਾਣਾ ਖਾਲੜਾ ਦੀ ਪੁਲਸ ਨੇ ਕਾਰਵਾਈ ਕਰਦੇ ਹੋਏ ਮ੍ਰਿਤਕ ਦੀ ਪਤਨੀ ਅਤੇ ਸੱਸ ਨੂੰ ਗ੍ਰਿਫਤਾਰ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਅੰਗਰੇਜ਼ ਸਿੰਘ (30) ਪੁੱਤਰ ਕਾਲਾ ਸਿੰਘ ਨਿਵਾਸੀ ਪਿੰਡ ਮਾੜੀ ਮੇਘਾ ਦਾ ਵਿਆਹ ਚਰਨਜੀਤ ਕੌਰ ਪੁੱਤਰੀ ਰਵੇਲ ਸਿੰਘ ਵਾਸੀ ਪਿੰਡ ਤੂੜ ਜ਼ਿਲ੍ਹਾ ਤਰਨਤਾਰਨ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਪਤਨੀ ਚਰਨਜੀਤ ਕੌਰ ਦੇ ਕਿਸੇ ਵਿਅਕਤੀ ਨਾਲ ਨਾਜਾਇਜ਼ ਸਬੰਧ ਬਣ ਗਏ, ਜਿਸ ਦਾ ਪਤਾ ਉਸ ਦੇ ਪਤੀ ਅੰਗਰੇਜ਼ ਸਿੰਘ ਨੂੰ ਲੱਗਣ ਤੋਂ ਬਾਅਦ ਰੋਜਾਨਾ ਘਰ ਵਿਚ ਝਗੜਾ ਹੋਣ ਲੱਗ ਪਿਆ। ਇਸ ਸਬੰਧੀ ਅੰਗਰੇਜ਼ ਸਿੰਘ ਦੇ ਪਿਤਾ ਕਾਲਾ ਸਿੰਘ ਨੇ ਦੱਸਿਆ ਕਿ ਬੇਟੇ ਅੰਗਰੇਜ਼ ਸਿੰਘ ਵੱਲੋਂ ਕਈ ਵਾਰ ਆਪਣੀ ਸੱਸ ਬਿੰਦਰ ਕੌਰ ਨੂੰ ਸਾਰੀ ਜਾਣਕਾਰੀ ਵੀ ਦਿੱਤੀ ਗਈ ਪਰ ਕੋਈ ਸੁਣਵਾਈ ਨਹੀਂ ਹੋਈ। ਬੀਤੇ ਕੱਲ ਸਵੇਰ 11 ਵਜੇ ਅੰਗਰੇਜ਼ ਸਿੰਘ ਦਾ ਆਪਣੀ ਪਤਨੀ ਨਾਲ ਨਾਜਾਇਜ਼ ਸਬੰਧਾਂ ਨੂੰ ਲੈ ਕੇ ਫਿਰ ਤੋਂ ਝਗੜਾ ਹੋ ਗਿਆ, ਜਿਸ ਦੀ ਸਾਰੀ ਜਾਣਕਾਰੀ ਉਸ ਨੇ ਆਪਣੀ ਸੱਸ ਨੂੰ ਫੋਨ ਰਾਹੀਂ ਦਿੱਤੀ, ਪਰ ਬਾਅਦ ਵਿਚ ਅੰਗਰੇਜ਼ ਸਿੰਘ ਨੇ ਕਣਕ ਵਿਚ ਪਾਉਣ ਵਾਲੀ ਜ਼ਹਿਰੀਲੀ ਦਵਾਈ ਨਿਗਲ

ਲਈ। ਇਸ ਦੌਰਾਨ ਹਾਲਤ ਵਿਗੜਦੀ ਵੇਖ ਉਸ ਨੂੰ ਤੁਰੰਤ ਭਿੱਖੀਵਿੰਡ ਦੇ ਨਿੱਜੀ ਹਸਪਤਾਲ ਵਿਚ ਲਿਜਾਇਆ ਗਿਆ, ਪਰ ਉਸ ਦੀ ਰਸਤੇ ਵਿਚ ਹੀ ਮੌਤ ਹੋ ਗਈ। ਇਸ ਸਬੰਧੀ ਥਾਣਾ ਖਾਲੜਾ ਦੇ ਮੁਖੀ ਇੰਸਪੈਕਟਰ ਵਿਨੋਦ ਸ਼ਰਮਾ ਨੇ ਦੱਸਿਆ ਕਿ ਕਾਲਾ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਪਤਨੀ ਚਰਨਜੀਤ ਕੌਰ ਅਤੇ ਸੱਸ ਬਿੰਦਰ ਕੌਰ ਪਤਨੀ ਰਵੇਲ ਸਿੰਘ ਵਾਸੀ ਪਿੰਡ ਤੂੜ ਦੇ ਖਿ?ਲਾਫ ਮਾਮਲਾ ਦਰਜ ਕਰ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਅਫਗਾਨਿਸਤਾਨ 'ਚ ਵਾਪਰੇ ਸੜਕ ਹਾਦਸੇ 'ਚ 2 ਲੋਕਾਂ ਦੀ ਮੌਤ

ਜਲਾਲਾਬਾਦ 4 ਮਈ। ਅਫਗਾਨਿਸਤਾਨ ਦੇ ਪੂਰਬੀ ਸੂਬੇ ਨੰਗਰਹਾਰ 'ਚ ਭਿਆਨਕ ਸੜਕ ਹਾਦਸਾ ਵਾਪਰ ਜਾਣ ਦੀ ਸੂਚਨਾ ਮਿਲੀ ਹੈ। ਇਸ ਸੜਕ ਹਾਦਸੇ 'ਚ 2 ਲੋਕਾਂ ਦੀ ਮੌਤ ਹੋ ਗਈ ਅਤੇ 13 ਹੋਰ ਜਖਮੀ ਹੋ ਗਏ। ਇਸ ਘਟਨਾ ਦੀ ਜਾਣਕਾਰੀ ਸਥਾਨਕ ਪੁਲਸ ਵਲੋਂ ਸਨੀਵਾਰ ਨੂੰ ਦਿੱਤੀ ਗਈ ਹੈ। ਇਸ ਮਾਮਲੇ ਦੇ ਸਬੰਧ ਵਿਚ ਸੂਬਾਈ ਪੁਲਸ ਦੇ ਬੁਲਾਰੇ ਹਾਫਿਜ ਮੌਲਵੀ ਅਬਦੁਲ ਬਸੀਰ ਜਾਬੁਲੀ ਨੇ ਕਿਹਾ ਕਿ ਇਹ ਘਟਨਾ ਸ਼ੁੱਕਰਵਾਰ ਰਾਤ ਨੂੰ ਸੂਬਾਈ ਰਾਜਧਾਨੀ ਜਲਾਲਾਬਾਦ ਦੇ ਪੁਲਸ ਜ਼ਿ?ਲ੍ਹਾ 9 ਦੇ ਨੇੜੇ ਵਾਪਰੀ ਹੈ। ਲਾਪਰਵਾਹੀ ਨਾਲ ਡਰਾਈਵਿੰਗ ਕਰਨ ਕਾਰਨ ਇੱਕ ਵਾਹਨ ਪਲਟ ਗਿਆ, ਜਿਸ ਨਾਲ ਮੌਕੇ 'ਤੇ ਦੋ ਲੋਕਾਂ ਦੀ ਮੌਤ ਹੋ ਗਈ ਅਤੇ 13 ਹੋਰ ਜਖਮੀ ਹੋ ਗਏ। ਜਖਮੀਆਂ ਨੂੰ ਨੇੜੇ ਦੇ ਹਸਪਤਾਲ 'ਚ ਇਲਾਜ ਲਈ ਭਰਤੀ ਕਰਵਾਇਆ ਗਿਆ ਹੈ।

3 ਲੁਟੇਰਿਆਂ ਨੇ ਤੇਜ਼ਧਾਰ ਹਥਿਆਰਾਂ ਦੀ ਨੋਕ 'ਤੇ ਬਜ਼ੁਰਗ ਜੋੜੇ ਕੋਲੋਂ ਲੁੱਟੇ ਲੱਖਾਂ ਦੇ ਗਹਿਣੇ

ਨਵਾਂਸ਼ਹਿਰ 4 ਮਈ। ਇਕ ਨੌਜਵਾਨ ਕੁੜੀ ਸਮੇਤ ਤਿੰਨ ਲੁਟੇਰਿਆਂ ਵੱਲੋਂ ਤੇਜ਼ਧਾਰ ਹਥਿਆਰਾਂ ਨਾਲ ਬਜ਼ੁਰਗ ਜੋੜੇ ਕੋਲੋਂ 3.5 ਲੱਖ ਰੁਪਏ ਦੇ ਗਹਿਣੇ ਲੁੱਟ ਲਏ ਗਏ। ਜਾਣਕਾਰੀ ਦਿੰਦੇ ਹੋਏ ਹਰਜੀਤ ਸਿੰਘ ਵਾਸੀ ਨੱਈਅਰ ਕਾਲੋਨੀ ਨਵਾਂਸ਼ਹਿਰ ਨੇ ਦੱਸਿਆ ਕਿ ਉਸ ਨੇ ਹਜ਼ੂਰ ਸਾਹਿਬ ਜਾਣਾ ਸੀ, ਜਿਸ ਕਾਰਨ ਉਹ ਆਪਣੀ ਪਤਨੀ ਗੁਰਬਖਸ਼ ਕੌਰ ਨਾਲ ਆਪਣੇ ਕੋਲ ਪਏ ਸੋਨੇ ਦੇ ਗਹਿਣੇ ਰੱਖਣ ਲਈ ਆਪਣੇ ਪਿੰਡ ਜਾ ਰਿਹਾ ਸੀ। ਨੈਸ਼ਨਲ ਹਾਈਵੇਅ 'ਤੇ ਪਿੰਡ ਸਜਾਵਲਪੁਰ ਨੇੜੇ ਇਕ ਨੌਜਵਾਨ ਕੁੜੀ ਸਮੇਤ ਮੋਟਰਸਾਈਕਲ ਸਵਾਰ ਤਿੰਨ ਵਿਅਕਤੀਆਂ ਨੇ ਉਨ੍ਹਾਂ ਨੂੰ ਰਾਹ ਪੁੱਛਣ ਦੇ ਬਹਾਨੇ ਰੋਕ ਲਿਆ। ਉਸ ਨੇ ਦੱਸਿਆ ਕਿ ਜਦੋਂ ਉਹ ਰੁਕਿਆ ਤਾਂ ਉਕਤ ਲੁਟੇਰਿਆਂ ਨੇ ਤੇਜ਼ਧਾਰ ਹਥਿਆਰਾਂ ਦੀ ਨੋਕ 'ਤੇ ਉਸ ਦੇ ਟਰੰਕ 'ਚ ਪਏ ਸੋਨੇ ਦੇ ਗਹਿਣੇ, ਜਿਸ 'ਚ ਇਕ ਸੋਨੇ ਦੀ ਚੇਨ, ਗਜਰਾ, ਲਾਕੇਟ, 3 ਜੋੜੇ ਵਾਲੀਆਂ ਆਦਿ ਜਿਸ ਦੀ ਕੀਮਤ ਕਰੀਬ ਸਾਢੇ ਤਿੰਨ ਲੱਖ ਰੁਪਏ ਬਣਦੀ ਹੈ, ਖੋਹ ਕੇ ਫ਼ਰਾਰ ਹੋ ਗਏ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਥਾਣਾ ਸਦਰ ਨਵਾਂਸ਼ਹਿਰ ਦੀ ਪੁਲਸ ਨੂੰ ਸ਼ਿਕਾਇਤ ਦੇ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਲੁਟੇਰਿਆਂ 'ਚ ਇਕ ਵਿਅਕਤੀ ਦੀ ਉਮਰ 50 ਸਾਲ ਦੇ ਕਰੀਬ, ਦੂਜੇ ਦੀ ਉਮਰ 25-30 ਸਾਲ ਦੇ ਕਰੀਬ ਸੀ ਅਤੇ ਇਕ ਨੌਜਵਾਨ ਕੁੜੀ ਵੀ ਉਨ੍ਹਾਂ ਦੇ ਨਾਲ ਸੀ।

ਚੋਣਾਂ ਕਾਰਨ ਨੈਸਨਲ ਹਾਈਵੇਅ 'ਤੇ ਹਾਈਟੈੱਕ ਨਾਕਾਬੰਦੀ ਦੌਰਾਨ ਜਬਤ ਕੀਤੇ 63.72 ਲੱਖ ਦੇ ਸੋਨੇ/ਹੀਰੇ ਦੇ ਗਹਿਣੇ

ਜਲੰਧਰ 4 ਮਈ। ਚੋਣਾਂ ਕਾਰਨ ਨੈਸ਼ਨਲ ਹਾਈਵੇਅ 'ਤੇ ਹਾਈਟੈੱਕ ਨਾਕਾਬੰਦੀ ਦੌਰਾਨ 968 ਗ੍ਰਾਮ ਵਜਨ ਦੇ 63.72 ਲੱਖ ਕੀਮਤ ਵਾਲੇ ਸੋਨੇ-ਹੀਰੇ ਦੇ ਗਹਿਣੇ ਜਬਤ ਕੀਤੇ ਗਏ ਹਨ। ਸਟੇਟ ਜੀ. ਐੱਸ. ਟੀ. ਵਿਭਾਗ ਦੇ ਮੋਬਾਈਲ ਵਿੰਗ ਵੱਲੋਂ ਗਹਿਣਿਆਂ ਦੀ ਵੈਲਿਊਏਸ਼ਨ ਕਰਵਾਉਣ ਤੋਂ ਬਾਅਦ ਸਬੰਧਤ ਗਹਿਣਿਆਂ ਨੂੰ ਸਰਕਾਰੀ ਖਜਾਨੇ ਵਿਚ ਜਮ੍ਹਾ ਕਰਵਾ ਦਿੱਤਾ ਗਿਆ ਹੈ। ਉਕਤ ਗਹਿਣੇ ਦਿੱਲੀ ਦੇ ਨੰਬਰ ਵਾਲੀ ਆਲਟੋ ਕਾਰ ਵਿਚੋਂ ਬਰਾਮਦ ਹੋਏ ਹਨ, ਜਿਸ ਕਾਰਨ ਜੀ. ਐੱਸ. ਟੀ. ਵਿਭਾਗ ਵੱਲੋਂ ਕਾਰ ਨੂੰ ਵੀ ਜਬਤ ਕਰ ਲਿਆ ਗਿਆ ਹੈ। ਦੂਜੇ ਪਾਸੇ ਗਹਿਣੇ ਫੜੇ ਜਾਣ ਸਬੰਧੀ ਇਨਕਮ ਟੈਕਸ ਵਿਭਾਗ ਨੂੰ ਸੂਚਿਤ ਕਰ ਦਿੱਤਾ ਗਿਆ ਹੈ ਅਤੇ ਚੋਣ ਕਮਿਸ਼ਨ ਨੂੰ ਇਸ ਦੀ ਜਾਣਕਾਰੀ ਭੇਜ ਦਿੱਤੀ ਗਈ ਹੈ। ਨਾਕਾਬੰਦੀ ਦੌਰਾਨ ਗਹਿਣੇ ਫੜੇ ਜਾਣ ਦਾ ਇਹ ਦੂਜਾ ਵੱਡਾ ਮਾਮਲਾ ਹੈ। ਇਸ ਤੋਂ ਪਹਿਲਾਂ 17 ਅਪ੍ਰੈਲ ਨੂੰ ਸਟੇਟ ਜੀ. ਐੱਸ. ਟੀ. ਵਿਭਾਗ ਦੇ ਮੋਬਾਇਲ ਵਿੰਗ ਵੱਲੋਂ ਲੁਧਿਆਣਾ ਦੇ ਵਪਾਰੀ ਤੋਂ 3.64 ਕਰੋੜ ਦੀ ਕੀਮਤ ਦੇ 5.50 ਕਿਲੋ ਸੋਨੇ ਦੇ ਗਹਿਣੇ ਜਬਤ ਕੀਤੇ ਗਏ ਸਨ। ਸੋਮਵਾਰ ਰਾਤ ਨੂੰ ਫਿਲੌਰ ਪੁਲਸ ਵੱਲੋਂ ਨੈਸ਼ਨਲ ਹਾਈਵੇਅ 'ਤੇ ਹਾਈਟੈੱਕ ਨਾਕਾਬੰਦੀ ਕੀਤੀ ਗਈ ਸੀ। ਇਸ ਦੌਰਾਨ ਦਿੱਲੀ ਦੇ ਨੰਬਰ ਵਾਲੀ ਆਲਟੋ ਕਾਰ ਨੂੰ ਰੋਕਿਆ ਗਿਆ। ਤਲਾਸ਼ੀ ਦੌਰਾਨ ਯੋਗੇਸ਼ ਨਾਂ ਦੇ ਵਿਅਕਤੀ ਤੋਂ 968 ਗ੍ਰਾਮ ਵਜਨ ਦੇ ਗਹਿਣੇ ਬਰਾਮਦ ਹੋਏ। ਪੁਲਸ ਵੱਲੋਂ ਪੁੱਛਗਿੱਛ ਕਰਨ 'ਤੇ ਉਕਤ ਵਿਅਕਤੀ

ਕੋਈ ਕਾਗਜਾਤ ਨਹੀਂ ਵਿਖਾ ਸਕਿਆ। ਤੁਰੰਤ ਐਕਸ਼ਨ ਲੈਂਦਿਆਂ ਫਿਲੌਰ ਪੁਲਸ ਨੇ ਸਟੇਟ ਜੀ. ਐੱਸ. ਟੀ. ਵਿਭਾਗ ਨੂੰ ਸੂਚਿਤ ਕੀਤਾ। ਸਟੇਟ ਜੀ. ਐੱਸ. ਟੀ. ਮੋਬਾਇਲ ਵਿੰਗ ਦੇ ਡਿਪਟੀ ਡਾਇਰੈਕਟਰ ਕਮਲਪ੍ਰੀਤ ਸਿੰਘ ਨੇ ਸੂਚਨਾ ਦੇ ਆਧਾਰ 'ਤੇ ਐੱਸ. ਟੀ. ਓ. ਡੀ. ਐੱਸ. ਚੀਮਾ ਨੂੰ ਕਾਰਵਾਈ ਸਬੰਧੀ ਦਿਸ਼ਾ-ਨਿਰਦੇਸ਼ ਦਿੱਤੇ ਗਏ। ਐੱਸ. ਟੀ. ਓ. ਚੀਮਾ ਨੇ ਕਾਰਵਾਈ ਨੂੰ ਅੰਜਾਮ ਦਿੱਤਾ ਤੇ ਸਬੰਧਤ ਗਹਿਣਿਆਂ, ਕਾਰ ਆਦਿ ਲੈ ਕੇ ਦੇਰ ਰਾਤ ਜੀ. ਐੱਸ. ਟੀ. ਦਫਤਰ ਪਹੁੰਚੇ। ਉਕਤ ਗਹਿਣੇ ਦਿੱਲੀ ਵਿਚ ਜਿਊਲਰੀ ਦਾ ਵਪਾਰ ਕਰਨ ਵਾਲਿਆਂ ਨਾਲ ਸਬੰਧਤ ਹਨ ਅਤੇ ਵਪਾਰੀ ਦਾ ਸੇਲਜਮੈਨ ਉਕਤ ਗਹਿਣਿਆਂ ਦਾ ਸੈਂਪਲ ਲੈ ਕੇ ਜਲੰਧਰ ਆ ਰਿਹਾ ਸੀ ਪਰ ਪੁਲਸ ਦੀ ਨਾਕਾਬੰਦੀ ਦੌਰਾਨ ਗਹਿਣੇ ਫੜੇ ਗਏ।

ਫਰਜੀ ਇੰਮੀਗ੍ਰੇਸਨ ਦਫਤਰ ਚਲਾ ਰਹੇ ਵਿਅਕਤੀ ਖਿਲਾਫ ਕੇਸ ਦਰਜ

ਖਰੜ 4 ਮਈ। ਇੱਥੇ ਗੈਰ-ਕਾਨੂੰਨੀ ਢੰਗ ਨਾਲ ਇੰਮੀਗ੍ਰੇਸਨ ਦਾ ਕੰਮ ਕਰਦੇ ਇਕ ਵਿਅਕਤੀ ਖਿ?ਲਾਫ ਸਦਰ ਪੁਲਸ ਵਲੋਂ ਅਧੀਨ ਨਿਯਮਾਵਲੀ ਮੁਕੱਦਮਾ ਦਰਜ ਕੀਤਾ ਗਿਆ ਹੈ। ਹਾਸਲ ਜਾਣਕਾਰੀ ਮੁਤਾਬਕ ਪੁਲਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਧਰਮਵੀਰ ਸਰਮਾ ਵਾਸੀ ਕੋਟਕਪੂਰਾ ਫਰੀਦਕੋਟ, ਹਾਲ ਵਾਸੀ ਮੋਹਾਲੀ ਇਥੋਂ ਦੀ ਲਾਂਡਰਾਂ ਰੋਡ ਸਥਿਤ ਸੰਤੇਮਾਜਰਾ ਵਿਖੇ ਇੰਮੀਗ੍ਰੇਸਨ ਦਾ ਦਫਤਰ ਚਲਾ ਰਿਹਾ ਹੈ। ਉਸ ਨੇ ਆਪਣੇ ਦਫਤਰ ਦੇ ਬਾਹਰ ਬਿਨਾਂ ਕਿਸੇ ਸਰਕਾਰੀ ਮਾਨਤਾ ਗੋਲਡਨ ਲੀਗਲ ਕੰਸਲਟੈਂਸੀ ਦੇ ਬੋਰਡ ਲਗਾ ਰੱਖੇ ਹਨ, ਜੋ ਬਿਨਾਂ ਕਿਸੇ ਵੈਧ ਲਾਇਸੈਂਸ ਦੇ ਅਜਿਹਾ ਕਰਕੇ ਨਿਯਮਾਂ ਦੀ ਉਲੰਘਣਾ ਕਰ ਰਿਹਾ ਹੈ। ਪੁਲਸ ਵਲੋਂ ਦੋਸੀ ਖਿ?ਲਾਫ ਇੰਮੀਗ੍ਰੇਸਨ ਐਕਟ ਦੀ ਧਾਰਾ-24 ਤਹਿਤ ਮਾਮਲਾ ਦਰਜ ਕਰ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਨਹਿਰ 'ਚੋਂ ਮਿਲੀ ਮਾਸੂਮ ਬੱਚੀ ਦੀ ਲਾਸ਼, ਮੂੰਹ ਤੇ ਹੱਥਾਂ ਨੂੰ ਕੁੱਤਿਆਂ ਨੇ ਨੋਚਿਆ

ਕੁਰੂਕਸੇਤਰ 4 ਮਈ। ਹਰਿਆਣਾ ਦੇ ਕੁਰੂਕਸੇਤਰ ਦੇ ਪਿੰਡ ਕਿਰਮਿਚ 'ਚ ਨਹਿਰ 'ਚੋਂ ਦੇਰ ਸਾਮ 5 ਸਾਲਾ ਬੱਚੀ ਦੀ ਲਾਸ਼ ਬਰਾਮਦ ਹੋਈ ਹੈ। ਇਸ ਲਾਸ਼ ਨੂੰ ਕੁੱਤਿਆਂ ਨੇ ਨੋਚਿਆ ਹੋਇਆ ਸੀ। ਸੂਚਨਾ ਮਿਲਣ 'ਤੇ ਪੁਲਸ ਨੇ ਲਾਸ਼ ਨੂੰ ਕਬਜੇ 'ਚ ਲੈ ਕੇ ਸਨਾਖਤ ਕਰਨ ਦੀ ਕੋਸ਼ਿ?ਸ ਕੀਤੀ। ਲਾਸ਼ ਕਰੀਬ 2 ਹਫਤੇ ਪੁਰਾਣੀ ਲੱਗ ਰਹੀ ਹੈ। ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤਾ ਗਿਆ ਹੈ। ਜਾਣਕਾਰੀ ਅਨੁਸਾਰ ਗੋਤਾਖੋਰਾਂ ਨੂੰ ਨਹਿਰ 'ਚ ਕਬਾੜ ਵਿਚਕਾਰ ਇਕ ਬੱਚੀ ਦੀ ਲਾਸ਼ ਪਈ ਹੋਣ ਦੀ ਸੂਚਨਾ ਮਿਲੀ ਸੀ। ਸੂਚਨਾ ਤੋਂ ਬਾਅਦ ਗੋਤਾਖੋਰ ਪੁਲਸ ਟੀਮ ਸਮੇਤ ਮੌਕੇ 'ਤੇ ਪਹੁੰਚੇ ਅਤੇ ਲਾਸ਼ ਨੂੰ ਬਾਹਰ ਕੱਢ ਕੇ ਪੁਲਸ ਹਵਾਲੇ ਕਰ ਦਿੱਤਾ। ਕੁੱਤਿਆਂ ਨੇ ਬੱਚੀ ਦੇ ਮੂੰਹ, ਗਰਦਨ ਅਤੇ ਬਾਹਾਂ ਨੂੰ ਨੋਚਿਆ। ਮੁੱਢਲੀ ਜਾਂਚ ਮੁਤਾਬਕ ਲਾਸ਼ 10-15 ਦਿਨ ਪੁਰਾਣੀ ਲੱਗ ਰਹੀ ਹੈ। ਇਸ ਬੱਚੀ ਨੇ ਕਾਲੇ ਰੰਗ ਦੀ ਲੋਅਰ ਅਤੇ ਸਕਾਈ ਬਲੂ ਟੀ-ਸਰਟ ਪਹਿਨੀ ਹੋਈ ਸੀ। ਫਿਲਹਾਲ ਪੁਲਸ ਨੇ ਲਾਸ਼ ਨੂੰ ਆਪਣੇ ਕਬਜੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਜਾਂਚ ਅਧਿਕਾਰੀ ਹੈੱਡ ਕਾਂਸਟੇਬਲ ਪਰਮਜੀਤ ਨੇ ਦੱਸਿਆ ਕਿ ਲਾਸ਼ ਨੂੰ ਕਬਜੇ ਵਿਚ ਲੈ ਕੇ ਹਸਪਤਾਲ ਦੇ ਮੁਰਦਾ ਘਰ 'ਚ ਰਖਵਾਇਆ ਗਿਆ ਹੈ। ਅਜੇ ਤੱਕ ਲਾਸ਼ ਦੀ ਪਛਾਣ ਨਹੀਂ ਹੋ ਸਕੀ ਹੈ। ਤਿੰਨ ਦਿਨਾਂ ਬਾਅਦ ਲਾਸ਼ ਦਾ ਪੋਸਟਮਾਰਟਮ ਕੀਤਾ ਜਾਵੇਗਾ। ਇਸ ਦੌਰਾਨ ਪੁਲਸ ਲਾਸ਼ ਦੀ ਪਛਾਣ ਕਰਨ ਦੀ ਕੋਸ਼ਿ?ਸ ਕਰੇਗੀ। ਜਾਣਕਾਰੀ ਅਨੁਸਾਰ ਗੋਤਾਖੋਰ ਨਹਿਰ 'ਚ ਕਬਾੜ ਵਿਚਕਾਰ ਇਕ ਮਾਸੂਮ ਬੱਚੀ ਲੜਕੀ ਦੀ ਲਾਸ਼ ਪਈ ਹੋਣ ਦੀ ਸੂਚਨਾ ਮਿਲੀ ਸੀ। ਸੂਚਨਾ ਤੋਂ ਬਾਅਦ ਗੋਤਾਖੋਰ ਪੁਲਸ ਟੀਮ ਸਮੇਤ ਮੌਕੇ 'ਤੇ ਪਹੁੰਚੇ ਅਤੇ ਲਾਸ਼ ਨੂੰ ਬਾਹਰ ਕੱਢ ਕੇ ਪੁਲਸ ਹਵਾਲੇ ਕਰ ਦਿੱਤਾ।

ਹਾਜੀਪੁਰ 'ਚ ਭਿਆਨਕ ਹਾਦਸਾ, ਨੌਜਵਾਨ ਦੀ ਦਰਦਨਾਕ ਮੌਤ, ਧੜ ਨਾਲੋਂ ਵੱਖ ਹੋਈ ਗਰਦਨ

ਹਾਜੀਪੁਰ 4 ਮਈ। ਹਾਜੀਪੁਰ ਤੋਂ ਦਸੂਹਾ ਸੜਕ 'ਤੇ ਪੈਂਦੇ ਪਿੰਡ ਖਿਜਰਪੁਰ ਵਿਖੇ ਅੱਜ ਸਵੇਰੇ ਹਾਜੀਪੁਰ ਵੱਲੋਂ ਆ ਰਹੀ ਇਕ ਹਿਮਾਚਲ ਨੰਬਰ ਦੀ ਕਾਰ ਨੇ ਇਕ ਨੌਜਵਾਨ ਨੂੰ ਬੁਰੀ ਤਰ੍ਹਾਂ ਕੁਚਲ ਦਿੱਤਾ। ਇਸ ਹਾਦਸੇ ਵਿਚ ਨੌਜਵਾਨ ਦੀ ਮੌਕੇ 'ਤੇ ਹੀ ਮੌਤ ਹੋ ਗਈ। ਟੱਕਰ ਇੰਨੀ ਜਬਰਦਸਤ ਸੀ ਕਿ ਨੌਜਵਾਨ ਦਾ ਸਿਰ ਧੜ ਨਾਲੋਂ ਵੱਖ

ਜੀ.ਆਰ.ਡੀ. ਕੋਨਵੈਂਟ ਸੀਨੀਅਰ ਸੈਕੈਂਡਰੀ ਸਕੂਲ ਅਜਨਾਲਾ ਦਾ ਬਾਰਵੀਂ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ

ਅਜਨਾਲਾ, 5 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਜੀ.ਆਰ.ਡੀ. ਕੌਨਵੈਂਟ ਸੀਨੀਅਰ ਸੈਕੈਂਡਰੀ ਸਕੂਲ ਦਾ ਬਾਰਵੀਂ ਜਮਾਤ ਦਾ ਨਤੀਜਾ 100% ਰਿਹਾ ।ਬਾਰਵੀਂ ਜਮਾਤ ਦੀ ਸਾਇੰਸ ਗਰੁੱਪ ਦੀ ਨਵਨੀਤ ਕੌਰ ਨੇ 95% ਨੰਬਰ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ ਸਿਮਰਨ ਕੌਰ, ਰਾਜਵਿੰਦਰ ਕੌਰ ,ਮਹਿਕਪ੍ਰੀਤ ਕੌਰ, ਅਨੀਸ਼ਾ ਅਤੇ ਨਵਨੀਤ ਕੌਰ ਨੇ 94% ਨੰਬਰ ਲੈ ਕੇ ਦੂਜਾ ਸਥਾਨ ਅਤੇ ਰੋਬੀਨਾ ,ਅਨੁਪ੍ਰੀਤ ਕੌਰ ਨੇ 92%ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਿਲ ਕੀਤਾ। ਇਹਨਾਂ ਤੋਂ ਇਲਾਵਾ ਨਵਜੋਤ ਕੌਰ ਤਰੁਣਵੀਰ ਕੌਰ, ਮੀਨੂ ,ਜਸ਼ਨਦੀਪ ਕੌਰ, ਪਰਮ, ਕਾਜਲ, ਮਨਮੀਤ, ਸੁਮਨ, ਅਰਸ਼ਪ੍ਰੀਤ ਸਿੰਘ, ਨੂਰਬੀਰ ਸਿੰਘ ਨੇ ਵੀ 90% ਤੋਂ ਉੱਪਰ ਅੰਕ ਪ੍ਰਾਪਤ ਕੀਤੇ ਹਨ। ਬਾਰਵੀਂ ਜਮਾਤ ਦੇ ਕਾਮਰਸ ਗਰੁੱਪ ਵਿੱਚੋਂ ਗੁਰਲੀਨ ਕੌਰ ਨੇ 93% ਨੰਬਰ ਲੈ ਕੇ ਪਹਿਲਾ ਸਥਾਨ ਹਾਸਿਲ ਕੀਤਾ ਐਸ਼ਮੀਨ ਕੌਰ ਨੇ 91% ਨੰਬਰ ਲੈ ਕੇ ਦੂਜਾ ਸਥਾਨ ਅਤੇ ਨਵਨੀਤ ਕੌਰ, ਅਰਸ਼ਦੀਪ ਸਿੰਘ ਹਰਪ੍ਰੀਤ ਸਿੰਘ ਅਤੇ ਗੁਰਸਾਨ ਸਿੰਘ, ਮਹਿਕਦੀਪ ਕੌਰ ਨੇ 90% ਨੰਬਰ ਲੈਕੇ ਤੀਸਰਾ ਸਥਾਨ ਹਾਸਿਲ ਕੀਤਾ ਆਰਟਸ ਗਰੁੱਪ ਵਿੱਚੋਂ ਜੋਬਨ ਪ੍ਰੀਤ ਕੌਰ ਅਤੇ ਭਾਵਨਾ ਨੇ 90% ਨੰਬਰ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਗੁਰਜਿੰਦਰ ਕੌਰ ਨੇ 88% ਨੰਬਰ ਲੈ ਕੇ ਦੂਜਾ ਸਥਾਨ ਅਤੇ ਵਿਸ਼ਵਪ੍ਰੀਤ ਸਿੰਘ ਨੇ 85% ਨੰਬਰ ਲੈ ਕੇ ਤੀਜਾ ਸਥਾਨ ਹਾਸਲ ਕੀਤਾ ।ਰਹਿੰਦੇ ਵਿਦਿਆਰਥੀਆਂ ਨੇ 85% ਤੋਂ ਉੱਪਰ ਨੰਬਰ ਲੈ ਕੇ ਸਕੂਲ ਦਾ ਅਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਇਸ ਤੋਂ ਇਲਾਵਾ ਸਾਇੰਸ ਗਰੁੱਪ ਦੀ ਮਹਿਕਪ੍ਰੀਤ ਕੌਰ ਨੇ ਪੰਜਾਬੀ ਵਿਸ਼ੇ ਵਿੱਚੋਂ 100 ਵਿੱਚੋਂ 100 ਨੰਬਰ ਪ੍ਰਾਪਤ ਕੀਤੇ। ਪ੍ਰਿੰਸੀਪਲ ਗੁਰਦਰਸ਼ਨ ਬਜਾਜ ਨੇ ਬਾਰਵੀਂ ਜਮਾਤ ਦਾ ਨਤੀਜਾ ਬਹੁਤ ਵਧੀਆ ਆਉਣ ਦੀ ਖੁਸ਼ੀ ਵਿੱਚ ਸਾਰੇ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਬਹੁਤ ਬਹੁਤ ਵਧਾਈ ਦਿੱਤੀ ਅਤੇ ਬੱਚਿਆਂ ਦਾ ਮੂੰਹ ਵੀ ਮਿੱਠਾ ਕਰਵਾਇਆ ਗਿਆ। ਪ੍ਰਿੰਸੀਪਲ ਗੁਰਦਰਸ਼ਨ ਬਜਾਜ ਜੀ ਨੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਹੋਰ ਜਿਆਦਾ ਮਿਹਨਤ ਕਰਨ ਲਈ ਪ੍ਰੇਰਿਆ ਅਤੇ ਕਿਹਾ ਕਿ ਇਹ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਮਿਹਨਤ ਦਾ ਨਤੀਜਾ ਹੈ। ਇਸ ਮੌਕੇ ਤੇ ਜੀ.ਆਰ.ਡੀ.ਕਾਨਵੈਂਟ ਸੀਨੀਅਰ ਸੈਕੈਂਡਰੀ ਸਕੂਲ ਦੇ ਪ੍ਰਿੰਸੀਪਲ ਗੁਰਦਰਸ਼ਨ ਬਜਾਜ ਜੀ, ਐਮਡੀ ਮੈਡਮ ਸੰਤੋਸ਼ ਬਜਾਜ ਜੀ ਅਧਿਆਪਕ ਗੁਰਜਿੰਦਰ ਸਿੰਘ, ਰਜਿੰਦਰ ਕੌਰ ਗੁੰਥਗੜ੍ਹ, ਰਜਿੰਦਰ ਕੌਰ ਧੂਰੀਆਂ, ਸ਼ੀਤਲ ਮੈਡਮ, ਜਸਦੀਪ ਮੈਡਮ, ਨੀਲਮ ਮੈਡਮ, ਭਾਵਨਾ ਮੈਡਮ, ਸਾਕਸ਼ੀ ਮੈਡਮ, ਜੋਤੀ ਮੈਡਮ, ਮਨਪ੍ਰੀਤ ਕੌਰ ਗੁੱਜਰਪੁਰਾ, ਮਨਪ੍ਰੀਤ ਕੌਰ ਇਬਰਾਹਿਮਪੁਰਾ, ਸੁਮਿਤ ਸਰ, ਪ੍ਰਭਜੋਤ ਕੌਰ, ਬਲਜਿੰਦਰ ਕੌਰ ,ਹਰਜੋਤ ਕੌਰ, ਰਮਨਦੀਪ ਕੌਰ ਆਦਿ ਅਧਿਆਪਕ ਸ਼ਾਮਿਲ ਸਨ।

ਮਹਾਰਾਣੀ ਪ੍ਰਨੀਤ ਕੌਰ ਨੂੰ ਵੋਟ ਪਾਉਣ ਦਾ ਮਤਲਬ ਇਮਾਨਦਾਰ ਸੋਚ ਨੂੰ ਅੱਗੇ ਲਿਆਉਣਾ ਹੈ : ਸੰਧੂ

ਡੇਰਾ ਬਸੀ, 4 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਹਲਕਾ ਪਟਿਆਲਾ ਤੋਂ ਭਾਜਪਾ ਉਮੀਦਵਾਰ ਮਹਾਰਾਣੀ ਪ੍ਰਨੀਤ ਕੌਰ ਦੇ ਹਲਕਾ ਚੋਣ ਇੰਚਾਰਜ ਐੱਸਐੱਮਐੱਸ ਸੰਧੂ ਵੱਲੋ ਚੋਣ ਪ੍ਰਚਾਰ ਤੇਜ ਕਰਦਿਆ ਵੱਖ-ਵੱਖ ਵਾਰਡਾਂ ਵਿੱਚ ਮੀਟਿੰਗਾਂ ਨੂੰ ਸੰਬੋਧਨ ਕੀਤਾ ਗਿਆ। ਪਿੰਡ ਸੈਦਪੁਰਾ, ਹੈਬਤਪੁਰ, ਚੰਡੀਗੜ੍ਹ ਅਪਾਰਟਮੈਂਟ ਵਿਖੇ ਮੀਟਿੰਗਾਂ ਚ ਉਹਨਾਂ ਇੱਕ ਜੂਨ ਨੂੰ ਮਹਾਰਾਣੀ ਪ੍ਰਨੀਤ ਕੌਰ ਦੇ ਹੱਕ ਵਿਚ ਵੋਟਾਂ ਪਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਮਹਾਰਾਣੀ ਸਾਹਿਬਾ ਨੂੰ ਵੋਟਾਂ ਪਾਉਣ ਦਾ ਮਤਲਬ ਇੱਕ ਇਮਾਨਦਾਰ ਸੋਚ ਨੂੰ ਅੱਗੇ ਲਿਆਉਣਾ ਹੈ। ਕਿਉਂਕਿ ਦੂਜੀਆਂ ਪਾਰਟੀਆਂ ਵਲੋਂ ਜੋ ਵੀ ਉਮੀਦਵਾਰ ਮੈਦਾਨ ਵਿੱਚ ਉਤਾਰੇ ਗਏ ਹਨ ਉਹਨਾਂ ਵਿੱਚੋਂ ਕੋਈ ਵੀ ਮਹਾਰਾਣੀ ਪ੍ਰਨੀਤ ਕੌਰ ਦੇ ਮੁਕਾਬਲੇ ਦਾ ਨਹੀਂ ਹੈ। ਸੰਧੂ ਨੇ ਕਿਹਾ ਕਿ ਇਹ ਲੋਕਾਂ ਦਾ ਪਿਆਰ ਹੀ ਹੈ ਜਿਨ੍ਹਾਂ 4 ਵਾਰੀ ਮਹਾਰਾਣੀ ਸਾਹਿਬਾ ਨੂੰ ਪਾਰਲੀਮੈਂਟ ਵਿਚ ਭੇਜਿਆ ਅਤੇ ਲੋਕ ਹੁਣ 5 ਵੀ ਵਾਰ ਵੀ ਉਹਨਾਂ ਦੇ ਹੱਕ ਵਿੱਚ ਜਰੂਰ ਹੰਭਲਾ ਮਾਰ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਬਾਹਾਂ ਮਜ਼ਬੂਤ ਕਰਨਗੇ। ਸੰਬੋਧਨ ਕਰਦਿਆਂ ਸੰਧੂ ਨੇ ਕਿਹਾ ਕਿ ਨਰਿਦਰ ਮੋਦੀ ਸਰਕਾਰ ਵੱਲੋ ਪਿਛਲੇ 10 ਸਾਲਾਂ ਦੌਰਾਨ ਦੇਸ਼ ਭਰ ਚ ਵਿਕਾਸ, ਰੁਜ਼ਗਾਰ, ਮਜ਼ਦੂਰਾਂ, ਔਰਤਾਂ, ਛੋਟੇ-ਵੱਡੇ ਉਦਯੋਗਾਂ, ਸਿੱਖਿਆ, ਸੁਰੱਖਿਆ, ਸਿਹਤ ਅਤੇ ਸਮਾਜਿਕ ਸੁਰੱਖਿਆ ਲਈ ਜੋ ਕੰਮ ਕੀਤੇ ਗਏ ਹਨ ਉਹ ਬੇਮਿਸ਼ਾਲ ਹਨ। ਇਸ ਤਰ੍ਹਾਂ ਦਾ ਵਿਕਾਸ ਪਿਛਲੇ 50 ਸਾਲਾਂ ਵਿੱਚ ਨਹੀਂ ਹੋਇਆ। ਵਿਸ਼ਵ ਪੱਧਰ ਤੇ ਨਰਿਦਰ ਮੋਦੀ ਨੇ ਭਾਰਤ ਨੂੰ ਜੋ ਆਰਥਿਕ ਪਛਾਣ ਦਿੱਤੀ ਹੈ ਉਹ ਕਾਬਿਲੇ ਤਾਰੀਫ ਹੈ।

ਉਹਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ 'ਚ ਭਾਰਤੀ ਜਨਤਾ ਪਾਰਟੀ ਵੱਲੋਂ ਜਾਰੀ ਕੀਤਾ ਗਿਆ ਸੰਕਲਪ ਪੱਤਰ ਵਿਕਾਸ ਕੇਂਦਰਿਤ ਹੈ। ਇਹ ਚੋਣ ਮਨੋਰਥ ਪੱਤਰ ਸਾਡੇ ਦੇਸ਼ ਨੂੰ ਵਿਕਸਿਤ ਭਾਰਤ 2047 ਵੱਲ ਲੈ ਕੇ ਜਾਵੇਗਾ।

ਉਨ੍ਹਾਂ ਕਿਹਾ ਕਿ ਸੰਕਲਪ ਪੱਤਰ ਸਮਾਜ ਦੇ ਹਰ ਵਰਗ ਨੂੰ ਕਵਰ ਕਰਦਾ ਹੈ ਜੋ ਮੁੱਖ ਤੌਰ 'ਤੇ 15 ਸ਼੍ਰੇਣੀਆਂ ਉੱਤੇ ਧਿਆਨ ਕੇਂਦਰਿਤ ਕਰਦਾ ਹੈ। ਭਾਵੇਂ ਇਹ ਔਰਤਾਂ ਲਈ ਜਿਵੇਂ ਕਿ ਲਖਪਤੀ ਦੀਦੀ, ਨਾਰੀ ਸ਼ਕਤੀ ਵੰਦਨ ਅਧਿਨਿਯਮ ਵਰਗੀਆਂ ਯੋਜਨਾਵਾਂ ਜਾਂ ਕਾਮਿਆਂ ਲਈ ਈ ਸ਼ਰਮਿਕ ਸਕੀਮ ਹੋਵੇ। ਇਸੇ ਤਰ੍ਹਾਂ ਆਯੁਸ਼ਮਾਨ ਭਾਰਤ ਯੋਜਨਾ ਤਹਿਤ 60 ਸਾਲ ਤੋਂ ਵੱਧ ਉਮਰ ਦੇ ਸਾਰੇ ਬਜ਼ੁਰਗਾ ਨੂੰ ਕਵਰ ਕਰਕੇ ਸਭ ਦਾ ਧਿਆਨ ਰੱਖਿਆ ਹੈ। ਇਹ ਸਿਰਫ ਪ੍ਰਧਾਨ ਮੰਤਰੀ ਮੋਦੀ ਦੀ ਮਜ਼ਬੂਤ ਇੱਛਾ ਸ਼ਕਤੀ ਅਤੇ ਅਗਵਾਈ ਹੀ ਹੈ ਜੋ ਸਾਡੇ ਦੇਸ਼ ਨੂੰ ਅੱਗੇ ਲੈ ਜਾ ਸਕਦੀ ਹੈ।

ਇਸ ਮੌਕੇ ਸੀਨੀਅਰ ਆਗੂ ਮੁਕੇਸ਼ ਗਾਂਧੀ, ਨਿਰਮਲ ਨਿੰਮਾ, ਰਵਿੰਦਰ ਬਤਰਾ, ਟੋਨੀ ਸੈਣੀ , ਜੋਗਾ ਸਿੰਘ ਸਮੇਤ ਹੋਰ ਭਾਜਪਾ ਆਗੂ ਮੌਜੂਦ ਸਨ।

ਫਾਜ਼ਿਲਕਾ 'ਚ ਨਾਬਾਲਿਗ ਨਾਲ ਸਮੂਹਿਕ ਬਲਾਤਕਾਰ, ਇਕ ਗ੍ਰਿਫ਼ਤਾਰ

ਫਾਜ਼ਿਲਕਾ, 4 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਫਾਜ਼ਿਲਕਾ ਦੇ ਇਕ ਪਿੰਡ 'ਚ ਇਕ ਨਾਬਾਲਗ ਲੜਕੀ ਨਾਲ ਸਮੂਹਿਕ ਬਲਾਤਕਾਰ ਦਾ ਮਾਮਲਾ ਸਾਹਮਣੇ ਆਇਆ ਹੈ। ਜਿਸ ਵਿੱਚ ਪੁਲਿਸ ਨੇ 4 ਲੋਕਾਂ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਜਦਕਿ ਇਕ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਬਾਕੀ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ। ਫਾਜ਼ਿਲਕਾ ਦੀ ਅਰਨੀਵਾਲ ਪੁਲਸ ਨੇ ਪਿੰਡ ਘਟਿਆਂਵਾਲੀ 'ਚ ਇਕ ਨਾਬਾਲਗ ਲੜਕੀ ਨਾਲ ਸਮੂਹਿਕ ਜਬਰ ਜਨਾਹ ਕਰਨ ਦੇ ਦੋਸ਼ 'ਚ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਜਿਸ 'ਚ ਥਾਣਾ ਮੁਖੀ ਹਰਬੰਸ ਸਿੰਘ ਨੇ ਦੱਸਿਆ ਕਿ 14 ਸਾਲਾ ਨਾਬਾਲਗ ਲੜਕੀ ਨਾਲ ਸਮੂਹਿਕ ਜਬਰ ਜਨਾਹ ਕਰਨ ਦੇ ਦੋਸ਼ 'ਚ ਚਾਰ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ ।

ਪੰਜਾਬ ਬਚਾਓ ਯਾਤਰਾ ਨੂੰ ਲੈ ਕੇ ਲੋਕਾਂ ਵਿਚ ਭਾਰੀ ਉਤਸ਼ਾਹ

ਨਵਾਂ ਸ਼ਹਿਰ, 4 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਪੰਜਾਬ ਅਤੇ ਪੰਜਾਬੀਅਤ ਦੀ ਰਾਖੀ ਲਈ ਕੱਢੀ ਜਾ ਰਹੀ ਪੰਜਾਬ ਬਚਾਓ ਯਾਤਰਾ ਪੰਜਾਬ ਦੇ ਵੱਖ-ਵੱਖ ਹਲਕਿਆਂ ਵਿਚੋਂ ਹੁੰਦੀ ਹੋਈ 4 ਮਈ ਨੂੰ ਇਸ ਇਲਾਕੇ ਵਿਚ ਪਹੁੰਚੇਗੀ।

ਇੰਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਅਕਾਲੀ ਆਗੂ ਰਾਜੂ ਕਾਹਮਾ ਕਿਹਾ ਕਿ ਇਸ ਯਾਤਰਾ ਨੂੰ ਲੈ ਕੇ ਲੋਕਾਂ ਵਿਚ ਉਤਸ਼ਾਹ ਪਾਇਆ ਜਾ ਰਿਹਾ ਹੈ। ਇਸ ਮੌਕੇ ਸੁਖਦੀਪ ਸਿੰਘ ਸ਼ੁਕਾਰ ਠੇਕੇਦਾਰ

ਗੁਰਜਿੰਦਰ ਸਿੰਘ ਦੌਲਤ ਪੁਰ ਸ਼੍ਰੋਮਣੀ ਅਕਾਲੀ ਦਲ ਵਲੋ ਕੱਢੀ ਜਾ ਰਹੀ ਪੰਜਾਬ ਬਚਾਓ ਯਾਤਰਾ ਦਾ ਵਿਧਾਨ ਸਭਾ ਹਲਕਾ ਨਵਾਂਸ਼ਹਿਰ ਚ ਪੰਹੁਚਣ ਤੇ ਪਿੰਡ ਗਰਚਾ ਵਿਖੇ ਭਰਵਾ ਸਵਾਗਤ ਕੀਤਾ ਜਾਵੇਗਾ ।

ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਦੇ ਚੇਅਰਮੈਨ ਅਮਿਤ ਸਿੰਗਲਾ ਸਨਮਾਨਿਤ

ਸਮਾਣਾ, 5 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸਮਾਣਾ ਨਿਵਾਸੀਆਂ ਲਈ ਇਹ ਸੱਚਮੁੱਚ ਹੀ ਮਾਣ ਦਾ ਇੱਕ ਮਹੱਤਵਪੂਰਨ ਪਲ ਹੈ ਕਿਉਂਕਿ ਰੋਟੇਰੀਅਨ ਸੀ ਏ ਅਮਿਤ ਸਿੰਗਲਾ (ਡੀ.ਜੀ .ਐਨ .ਡੀ- 2026-27) ਆਰ ਆਈ ਡੀ -3090 ਨੂੰ ਜ਼ਿਲ੍ਹਾ -3090 ਦੇ ਰੋਟਰੀ ਡਿਸਟ੍ਰਿਕਟ ਗਵਰਨਰ ਚੁਣੇ ਜਾਣ 'ਤੇ ਅਮਰ ਹਸਪਤਾਲ ਦੀ ਤਰਫੋਂ ਸ਼੍ਰੀ ਬਲਵਿੰਦਰ ਸਿੰਘ(ਜਨਰਲ ਮੈਨੇਜਰ, ਵਿੱਤ) ਪਟਿਆਲਾ ਦੁਆਰਾ ਸਨਮਾਨਿਤ ਕੀਤਾ ਗਿਆ ਹੈ ।ਇਹ ਮਾਨਤਾ ਸ਼੍ਰੀ ਅਮਿਤ ਸਿੰਗਲਾ ਦੀ ਰੋਟਰੀ ਕਮਿਊਨਿਟੀ ਵਿੱਚ ਪ੍ਰਤੀਬੱਧਤਾ ਅਤੇ ਸੇਵਾ ਨੂੰ ਉਜਾਗਰ ਕਰਦੀ ਹੈ। ਇਹ ਮਾਨਤਾ ਉਹਨਾਂ ਦੇ ਲੀਡਰਸ਼ਿਪ ਦੇ ਗੁਣਾਂ ਅਤੇ ਸਮਾਜ ਦੀ ਬਿਹਤਰੀ ਲਈ ਸਮਰਪਣ ਨੂੰ ਦਰਸਾਉਂਦੀ ਹੈ। ਸ਼੍ਰੀ ਅਮਿਤ ਸਿੰਗਲਾ ਨੂੰ ਇਸ ਮਾਣ ਅਤੇ ਸਨਮਾਨ ਲਈ ਤਹਿ ਦਿਲੋਂ ਵਧਾਈ !ਅਜਿਹੀ ਪ੍ਰਸ਼ੰਸਾ ਨਾ ਸਿਰਫ਼ ਵਿਅਕਤੀਗਤ ਪ੍ਰਾਪਤੀਆਂ ਨੂੰ ਮਾਨਤਾ ਦਿੰਦੇ ਹਨ ਬਲਕਿ ਦੂਜਿਆਂ ਨੂੰ ਸਮਾਜ ਵਿੱਚ ਸਕਾਰਾਤਮਕ ਯੋਗਦਾਨ ਪਾਉਣ ਲਈ ਵੀ ਪ੍ਰੇਰਿਤ ਕਰਦੇ ਹਨ। ਅਮਿਤ ਸਿੰਗਲਾ ਜੀ ਦੀਆਂ ਪ੍ਰਾਪਤੀਆਂ ਸਮਾਜ ਵਿੱਚ ਦੂਜਿਆਂ ਲਈ ਪ੍ਰੇਰਨਾ ਦਾ ਕੰਮ ਕਰਦੀਆਂ ਹਨ।

ਟਰੈਕਟਰ ਟਰਾਲੀ ਲੁੱਟਣ ਵਾਲੇ 7 ਦੋਸ਼ੀਆਂ ਖਿਲਾਫ ਮਾਮਲਾ ਦਰਜ

ਫਾਜ਼ਿਲਕਾ, 4 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਥਾਣਾ ਖੂਈਖੇੜਾ ਦੀ ਪੁਲਸ ਨੇ ਟਰੈਕਟਰ ਟਰਾਲੀ ਲੁੱਟਣ ਦੇ ਦੋਸ਼ 'ਚ 7 ਦੋਸ਼ੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਂਚ ਅਧਿਕਾਰੀ ਹੌਲਦਾਰ ਕੁਲਦੀਪ ਨੇ ਦੱਸਿਆ ਕਿ ਉਨ੍ਹਾਂ ਕੋਲ ਰਮੇਸ਼ ਕੁਮਾਰ ਵਾਸੀ ਚਾਣਕਿਆ ਮਾਡਲ ਸਕੂਲ, ਫਾਜ਼ਿਲਕਾ ਦੀ ਸ਼ਿਕਾਇਤ ਮਿਲੀ ਸੀ ਕਿ ਉਹ ਰੇਤਾ-ਬੱਜਰੀ ਦਾ ਕੰਮ ਕਰਦਾ ਹੈ। ਮਿਤੀ 29/04/2024 ਨੂੰ ਇਸ ਦਾ ਡਰਾਈਵਰ ਈਸ਼ਰ ਸਿੰਘ ਵਾਸੀ ਝੁੱਗੇ ਲਾਲ ਸਿੰਘ ਟਰੈਕਟਰ ਆਈਸ਼ਰ 485 ਨੰਬਰ ਪੀਬੀ-22-ਵਾਈ-0720 ਨਾਲ ਰੇਤ ਦੀ ਟਰਾਲੀ ਭਰ ਕੇ ਪਿੰਡ ਕੱਲਰਖੇੜਾ ਵਿਖੇ ਸੁੱਟਣ ਜਾ ਰਿਹਾ ਸੀ। ਰਸਤੇ 'ਚ ਪਿੰਡ ਬਕੈਨਵਾਲਾ ਨੇੜੇ ਕਿਸੇ ਕਾਰਨ ਟਰਾਲੀ ਪਲਟ ਗਈ, ਜਿਸ ਕਾਰਨ ਉਹ ਵੀ ਮੌਕੇ 'ਤੇ ਪਹੁੰਚ ਗਏ । ਜਦੋਂ ਉਹ ਅਤੇ ਡਰਾਈਵਰ ਟਰਾਲੀ ਨੂੰ ਸਿੱਧਾ ਕਰਕੇ ਪਿੰਡ ਬਕਾਇਣਵਾਲਾ ਤੋਂ 1 ਕਿਲੋਮੀਟਰ ਅੱਗੇ ਜਾਣ ਲੱਗੇ ਤਾਂ ਬਲਕਾਰ ਸਿੰਘ ਉਰਫ਼ ਬਲਕਾਰੀ ਵਾਸੀ ਪਿੰਡ ਤੂਤਾਂ ਵਾਲਾ, ਸੁਖਦੇਵ ਸਿੰਘ ਉਰਫ਼ ਸੁੱਖਾ ਵਾਸੀ ਕੰਧਵਾਲਾ ਅਮਰਕੋਟ ਅਤੇ 3-4 ਅਣਪਛਾਤੇ ਵਿਅਕਤੀ ਤੇਜ਼ਧਾਰ ਹਥਿਆਰਾਂ ਨਾਲ ਲੈਸ ਆ ਗਏ ਅਤੇ ਵਿਖਾਵਾ ਕਰਕੇ। ਹਥਿਆਰਾਂ ਦਾ ਡਰਾਵਾ ਦੇ ਕੇ ਟਰੈਕਟਰ ਆਈਸ਼ਰ ਪੀਬੀ-22-ਵਾਈ-0720 ਸਮੇਤ ਟਰਾਲੀ ਲੁੱਟ ਲਈ। ਉਕਤ ਟਰੈਕਟਰ ਟਰਾਲੀ ਲੁੱਟਣ ਦੀ ਯੋਜਨਾ ਵਿਚ ਬਲਵਿੰਦਰ ਸਿੰਘ ਉਰਫ ਮੰਟਾ ਵਾਸੀ ਸੁਖੇਰਾ ਬੋਦਲਾ ਵੀ ਸ਼ਾਮਲ ਸੀ। ਪੁਲਿਸ ਨੇ ਬਲਕਾਰ ਸਿੰਘ ਉਰਫ਼ ਬਲਕਾਰੀ ਵਾਸੀ ਪਿੰਡ ਤੂਤਾਂ ਵਾਲੀ, ਸੁਖਦੇਵ ਸਿੰਘ ਉਰਫ਼ ਸੁੱਖਾ ਵਾਸੀ ਕੰਧਵਾਲਾ ਅਮਰਕੋਟ, ਬਲਵਿੰਦਰ ਸਿੰਘ ਉਰਫ਼ ਮੰਟਾ ਵਾਸੀ ਸੁਖੇਰਾ ਬੋਦਲਾ ਅਤੇ 3-4 ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਧਾਰਾ 382, 148, 149, 120ਬੀ ਤਹਿਤ ਕੇਸ ਦਰਜ ਕਰ ਲਿਆ ਹੈ।

ਭਾਜਪਾ ਦੇ ਉੱਘੇ ਆਗੂ ਡਾ. ਭਾਈ ਪਰਮਜੀਤ ਸਿੰਘ ਵਲੋਂ ਸ਼ਿਵ ਸੈਨਾ ਹਿੰਦੂਸਤਾਨ ਦਾ ਪ੍ਰਚਾਰ

ਪਟਿਆਲਾ, 4 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਜਨਤਾ ਪਾਰਟੀ ਪਟਿਆਲਾ ਦੇ ਉੱਘੇ ਆਗੂ ਡਾ. ਭਾਈ ਪਰਮਜੀਤ ਸਿੰਘ ਵਲੋਂ ਭਾਜਪਾ ਦੀ ਉਮੀਦਵਾਰ ਮਹਾਰਾਣੀ ਪ੍ਰਨੀਤ ਕੋਰ ਦਾ ਚੋਣ ਪ੍ਰਚਾਰ ਕਰਣ ਦੀ ਬਜਾਏ ਸ਼ਿਵ ਸੈਨਾ ਹਿੰਦੂਸਤਾਨ ਦੀ ਰਾਜਨੀਤਿਕ ਸ਼ਾਖਾ ਹਿੰਦੂਸਤਾਨ ਸ਼ਕਤੀ ਸੈਨਾ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਦੱਸ ਦਈਏ ਕਿ ਡਾ. ਭਾਈ ਪਰਮਜੀਤ ਸਿੰਘ ਕੁਝ ਸਮੇਂ ਤੋਂ ਭਾਰਤੀ ਜਨਤਾ ਪਾਰਟੀ ਦੀਆਂ ਨੀਤੀਆਂ ਤੋਂ ਨਾਰਾਜ ਚੱਲ ਰਹੇ ਹਨ ਅਤੇ ਸ਼ਿਵ ਸੈਨਾ ਹਿੰਦੂਸਤਾਨ ਦੀਆਂ ਚੋਣ ਰੈਲੀਆਂ ਵਿੱਚ ਭਾਗ ਲੈ ਕੇ ਉਹਨਾਂ ਇਸ ਗੱਲ ਦਾ ਸਾਫ ਸੰਕੇਤ ਦਿੱਤਾ ਹੈ ਕਿ ਸ਼ਿਵ ਸੈਨਾ ਹਿੰਦੂਸਤਾਨ ਹਿੰਦੂ ਪੱਖੀ ਨੀਤੀਆਂ ਦਾ ਹਾਮੀ ਹੈ ਅੱਤਵਾਦ ਦੋਰਾਨ ਹਿੰਦੂਆ ਪ੍ਰਤੀ ਅਧੂਰੇ ਪਏ 781 ਕਰੋੜ ਦੇ ਮੁਆਵਜੇ ਨੂੰ ਜਾਰੀ ਕਰਵਾ ਸਕਦੀ ਹੈ। ਹਿੰਦੂ ਮੰਦਿਰ ਐਕਟ ਬਨਵਾਉਣ ਵਿੱਚ ਸਹਾਈ ਹੋ ਸਕਦੀ ਹੈ। ਕਿਸਾਨਾਂ ਦੀ ਫਸਲਾਂ ਨੂੰ ਐਮ ਐਸ ਪੀ ਦਿਵਾ ਸਕਦੀ ਹੈ ਜੋਕਿ ਭਾਜਪਾ ਆਪਣੇ 10 ਸਾਲਾਂ ਦੇ ਕਾਰਜਕਾਲ ਵਿੱਚ ਨਹੀਂ ਕਰ ਪਾਈ। ਇਸ ਤੋਂ ਭਾਰੀ ਨਿਰਾਸਾ ਪ੍ਰਗਟ ਕਰਦੇ ਹੋਏ ਡਾਕਟਰ ਭਾਈ ਪਰਮਜੀਤ ਸਿੰਘ ਜਿਨਾਂ ਦਾ ਪਿਛੋਕੜ ਆਰਐਸਐਸ ਦੇ ਨਾਲ ਜੁੜਿਆ ਹੋਇਆ ਹੈ ਉਹਨਾਂ ਨੇ ਸ਼ਿਵ ਸੈਨਾ ਹਿੰਦੂਸਤਾਨ ਅਤੇ ਹਿੰਦੂਸਤਾਨ ਸ਼ਕਤੀ ਸੈਨਾ ਦੇ ਰਾਸ਼

ਨਵੇਂ ਲੇਖਕਾਂ ਨੂੰ ਨਜ਼ਰ ਵਿਚ ਰੱਖਦੇ ਹੋਏ ਅਸੀਂ ਇਹ ਕਾਲਮ 'ਸੋਨ ਸੁਨਹਿਰੀ ਕਲਮਾਂ' ਸ਼ੁਰੂ ਕੀਤਾ ਹੈ। ਇਸ ਵਿਚ ਲੇਖਕ ਦੇ ਜੀਵਨ ਦੀ ਸੰਖੇਪ ਜਾਣਕਾਰੀ ਦੇ ਨਾਲ ਉਸ ਦੀਆਂ ਰਚਨਾਵਾਂ ਵੀ ਪਾਠਕਾਂ ਦੇ ਰੂਬਰੂ ਕੀਤੀਆਂ ਜਾਂਦੀਆਂ ਹਨ।

ਸੋਨ ਸੁਨਹਿਰੀ ਕਲਮਾਂ

ਸੰਭਾਵਨਾਮਈ ਸ਼ਾਇਰ

ਹਰਮਨ ਸੂਫ਼ੀ
95928-80840

ਹਰਮਨ ਸੂਫ਼ੀ ਪੰਜਾਬੀ ਦਾ ਉਭਰਦਾ ਸ਼ਾਇਰ ਹੈ। ਸੂਫ਼ੀ ਉਸ ਦਾ ਤਖ਼ੱਲਸ ਹੈ। ਉਸ ਦਾ ਅਸਲ ਨਾਂ ਹਰਮਨ ਰਾਏ ਹੈ। ਹਰਮਨ ਦਾ ਜਨਮ 12 ਅਗਸਤ 1992 ਨੂੰ ਪਿਤਾ ਦਲਜੀਤ ਸਿੰਘ ਤੇ ਮਾਤਾ ਹਰਜਿੰਦਰ ਕੌਰ ਦੇ ਘਰ ਪਿੰਡ ਲਹਿਰਾ ਬਰਾਸਤਾ-ਡੇਹਲੋਂ ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਉਸ ਨੇ ਦਸਵੀਂ ਤਕ ਦੀ ਪੜ੍ਹਾਈ ਬੁਟਾਹਰੀ ਅਤੇ ਬਾਰ੍ਹਵੀਂ ਸਿਆੜ ਪਿੰਡ ਦੇ ਸਰਕਾਰੀ ਸਕੂਲ ਤੋਂ ਕੀਤੀ। ਉਸ ਤੋਂ ਬਾਅਦ ਬੀਐੱਸਸੀ ਆਈਟੀ ਅਤੇ ਐੱਮਸੀਏ ਅਹਿਮਦਗੜ੍ਹ ਤੋਂ ਕੀਤੀ। ਹਰਮਨ ਸੂਫ਼ੀ ਨੂੰ ਪੰਜਾਬੀ, ਅੰਗਰੇਜ਼ੀ, ਹਿੰਦੀ ਭਾਸ਼ਾ ਦੇ ਨਾਲ-ਨਾਲ ਉਰਦੂ ਭਾਸ਼ਾ ਦਾ ਵੀ ਚੰਗਾ ਗਿਆਨ ਹੈ। ਕਿਤਾਬਾਂ ਪੜ੍ਹਨ ਦੀ ਚੇਟਕ ਬਚਪਨ ਤੋਂ ਹੀ ਲੱਗ ਗਈ ਪਰ ਲਿਖਣਾ ਉਸ ਨੇ 2011 ਵਿਚ ਸ਼ੁਰੂ ਕੀਤਾ। ਹਰਮਨ ਦੀ ਸੰਜੀਦਗੀ ਉਸ ਦੀਆਂ ਰਚਨਾਵਾਂ ਵਿਚ ਝਲਕਦੀ ਹੈ। ਆਓ ਹਰਮਨ ਦੀਆਂ ਰਚਨਾਵਾਂ ਦਾ ਅਨੰਦ ਮਾਣਦੇ ਹਾਂ।

• ਜਸਪ੍ਰੀਤ ਕੌਰ ਸੰਘਾ

ਕਵਿਤਾਵਾਂ

ਮੇਰੀਆਂ ਆਸਾਂ



ਬੇੜੀਆਂ ਪੈਰਾਂ 'ਚ ਨੇ ਪਰ ਚੱਲਣਾ ਜਾਰੀ ਰਿਹਾ।
ਮੁਸ਼ਕਿਲਾਂ ਦੇ ਨਾਲ ਸਾਡਾ ਜੂਝਣਾ ਜਾਰੀ ਰਿਹਾ।

ਜ਼ਾਲਮਾਂ ਨੇ ਕੱਟ ਦਿੱਤੇ ਪੰਛ ਇਨ੍ਹਾਂ ਦੇ ਮਗਰ,
ਪੰਛੀਆਂ ਦਾ ਸੁਪਨਿਆਂ ਵਿਚ ਉੱਡਣਾ ਜਾਰੀ ਰਿਹਾ।

ਹਰ ਕਦਮ 'ਤੇ ਮੰਜਿਲਾਂ ਨੇ ਪੈਰ ਤੇਰੇ ਚੁੰਮਣੇ,
ਜ਼ਿੰਦਗੀ ਸਾਰੀ ਤੇਰਾ ਜੇ ਰੁਮਕਣਾ ਜਾਰੀ ਰਿਹਾ।

ਵੇਖਦੇ ਹੀ ਵੇਖਦੇ ਫੁੱਲ ਝੜ ਗਏ ਸਭ ਬਾਗ਼ ਦੇ,
ਮੌਸਮਾਂ ਦਾ ਇਸ ਤਰ੍ਹਾਂ ਵੀ ਰੁੱਸਣਾ ਜਾਰੀ ਰਿਹਾ।

ਲੋੜ ਪੂਰੀ ਹੋਣ ਮਗਰੋਂ ਕੰਡ ਦੇ ਕੇ ਤੁਰ ਗਏ,
ਦੋਸਤਾਂ ਦਾ ਇੰਝ ਮੈਨੂੰ ਵਰਤਣਾ ਜਾਰੀ ਰਿਹਾ।

ਸੱਧਰਾਂ ਸਭ ਖ਼ਾਬ ਬਣੀਆਂ ਸੋਚ ਪੱਥਰ ਵਾਂਗ ਸੀ
ਮੇਰੀਆਂ ਆਸਾਂ ਦਾ ਐਪਰ ਤੜਫਣਾ ਜਾਰੀ ਰਿਹਾ।

****

ਤੇਰੇ ਬਿਨ੍ਹਾਂ ਤਾਂ ਦਿਨ ਵੀ ਲੰਘਦਾ ਹੈ ਸਾਲ ਵਾਂਗਰ।
ਰੱਖ ਨਾਲ-ਨਾਲ ਆਪਣੇ ਮੈਨੂੰ ਰੁਮਾਲ ਵਾਂਗਰ।

ਰਾਹਾਂ ਭੁੱਲਣ ਰਾਹੀ ਅਕਸਰ ਹੀ ਦੇਖ ਉਸ ਨੂੰ,
ਸੱਜਣਾ ਦੀ ਚਾਲ ਲੱਗਦੀ ਮੋਰਾਂ ਦੀ ਚਾਲ ਵਾਂਗਰ।
ਲੋਕਾਂ ਦੇ ਨਾਲ ਰਲ ਕੇ ਆਖ਼ਰ ਮੇਰਾ ਹੀ ਦਿਲਬਰ,
ਠੱਗ ਕੇ ਹੀ ਲੈ ਗਿਆ ਹੈ ਭੈੜੇ ਦਲਾਲ ਵਾਂਗਰ।

ਤੈਨੂੰ ਅਸੀਂ ਸਜਾ ਕੇ ਰੱਖਿਆ ਹੈ ਦਿਲ ਦੇ ਅੰਦਰ,
ਚੜ੍ਹਦੀ ਬਹਾਰ ਦੇ ਇਕ ਆਉਂਦੇ ਖ਼ਿਆਲ ਵਾਂਗਰ.

ਤੇਰੀ ਹੀ ਦੀਦ ਖ਼ਾਤਰ 'ਸੂਫ਼ੀ' ਰਿਹਾ ਤੜਫਦਾ,
ਹੁੰਦੇ ਕਸਾਈ ਹੱਥੋ ਬੱਕਰੇ ਹਲਾਲ ਵਾਂਗਰ।

ਸਾਡਾ ਪਤਾ ਹੈ-
ਸੰਪਾਦਕ, ਪੰਜਾਬੀ ਜਾਗਰਣ, ਸੀ-120, ਫੋਕਲ ਪੁਆਇੰਟ ਐਕਸਟੈਂਸ਼ਨ, ਇੰਡਸਟਰੀਅਲ ਏਰੀਆ, ਜਲੰਧਰ।
editormail@punjabi.jagran.com

ਅਕਸਰ ਸੱਸ ਨੂੰਹ ਨੂੰ ਸੱਸ ਬਣ ਕੇ ਦਿਖਾਉਣ ਦੇ ਮੌਕੇ ਲੱਭਦੀ ਰਹਿੰਦੀ ਹੈ ਮਾਂ ਬਣਨ ਦੀ ਕਦੇ ਕੋਸ਼ਿਸ਼ ਨਹੀਂ ਕਰਦੀ ਤੇ ਨੂੰਹ ਸੱਸ ਨੂੰ ਨੂੰਹ ਬਣ ਕੇ ਦਿਖਾਉਂਦੀ ਹੈ ਉਹ ਧੀ ਬਣਨ ਨੂੰ ਕਦੇ ਨਹੀਂ ਲੋਚਦੀ...

ਜਗ-ਜਲਨੀ ਨੂੰ ਦਿਉ ਸ਼ਾਂਤਮਈ ਵਾਤਾਵਰਨ

ਮੁਹੰਮਦ ਬਸ਼ੀਰ

ਆਜੋਕਾ ਦਾ ਮਨੁੱਖ ਅਖੌਤੀ ਵਿਸ਼ਵ ਪਰਿਵਾਰ ਦੇ ਸੁਪਨਿਆਂ 'ਤੇ ਆਧਾਰਤ ਸਿਰਜੇ ਮਾਹੌਲ ਵਿਚ ਜੀ ਕੇ ਆਪਣੇ ਆਪ ਨੂੰ ਖ਼ੁਸ਼ ਅਤੇ ਸਤੁੰਸ਼ਟ ਕਰਨ ਦੀ ਕੋਸ਼ਿਸ਼ ਵਿਚ ਲੱਗਾ ਹੋਇਆ ਹੈ। ਜਦੋਂ ਕਿ ਸੱਚਾਈ ਇਹ ਹੈ ਕਿ ਪਦਾਰਥਵਾਦ ਦੀ ਚੱਲ ਰਹੀ ਹਨੇਰੀ ਵਿਚ ਤਾਂ ਭਾਰਤ ਦੀ ਸ਼ਾਨ ਸਮਝੇ ਜਾਂਦੇ ਸਾਂਝੇ ਪਰਿਵਾਰ ਹੀ ਟੁੱਟ ਕੇ ਖੇਰੂ-ਖੇਰੂ ਹੋ ਚੁੱਕੇ ਹਨ। ਅੱਜ ਸਾਡਾ ਸਮਾਜ ਅਜਿਹੇ ਕਾਲੇ ਕਾਲ ਵਿੱਚੋਂ ਲੰਘ ਰਿਹਾ ਹੈ ਜਿੱਥੇ ਦੋ ਭਰਾ ਇਕ ਛੱਤ ਹੇਠ ਰਹਿਣ ਨੂੰ ਤਿਆਰ ਨਹੀਂ। ਮਾਪਿਆਂ ਨੂੰ ਬੋਝ ਸਮਝ ਕੇ ਬੱਚੇ ਉਨ੍ਹਾਂ ਨੂੰ ਬਿਰਧ ਆਸ਼ਰਮਾਂ ਵਿਚ ਛੱਡ ਕੇ ਆ ਰਹੇ ਹਨ। ਭੈਣ ਭਰਾਵਾਂ ਦੇ ਰਿਸ਼ਤਿਆਂ ਦੀਆਂ ਮਜ਼ਬੂਤ ਤੰਦਾਂ ਬੋਦੀਆਂ ਹੋ ਚੁੱਕੀਆਂ ਹਨ। ਮਾਪਿਆਂ ਅਤੇ ਬੱਚਿਆਂ ਦੇ, ਭੈਣਾਂ ਅਤੇ ਭਰਾਵਾਂ ਦੇ ਰਿਸ਼ਤਿਆਂ ਨੂੰ ਤਾਰ-ਤਾਰ ਕਰਨ ਵਾਲੀਆਂ ਖ਼ਬਰਾਂ ਨਿੱਤ ਰੋਜ਼ ਅਖ਼ਬਾਰਾਂ ਦੀਆਂ ਸੁਰਖੀਆਂ ਬਣੀਆਂ ਨਜ਼ਰ ਆਉਂਦੀਆਂ ਹਨ। ਪਤੀ-ਪਤਨੀ ਛੋਟੀਆਂ-ਛੋਟੀਆਂ ਗੱਲਾਂ ਦੇ ਕਾਰਨ ਇਕ ਦੂਜੇ ਤੋਂ ਤਲਾਕ ਲੈ ਕੇ ਅਲੱਗ ਰਹਿਣ ਨੂੰ ਪਹਿਲ ਦਿੰਦੇ ਹਨ। ਪਵਿਤਰ ਸਮਝੇ ਜਾਂਦੇ ਇਸ ਰਿਸ਼ਤੇ ਤੋਂ ਛੁਟਕਾਰਾ ਪਾਉਣ ਲਈ ਕੋਰਟ ਕਚਿਹਰੀਆਂ ਦੇ ਚੱਕਰ ਲਾ ਕੇ ਜ਼ਲੀਲ ਹੋ ਰਹੇ ਹਨ। ਬਜ਼ੁਰਗਾਂ ਦੀ ਗੱਲ ਨੂੰ ਕੋਈ ਅਹਿਮੀਅਤ ਨਹੀਂ ਦਿੱਤੀ ਜਾਂਦੀ ਸਗੋਂ ਉਨ੍ਹਾਂ ਦੀ ਸਲਾਹ ਨੂੰ ਧਿਆਨ ਨਾਲ ਸੁਣਨ ਦੀ ਖੇਚਲ ਹੀ ਨਹੀਂ ਕੀਤੀ ਜਾਂਦੀ।

ਇਖ਼ਲਾਕੀ ਗਿਰਾਵਟ

ਅਜੋਕੀ ਨੌਜਵਾਨ ਪੀੜ੍ਹੀ ਸੋਸ਼ਲ ਮੀਡੀਆ 'ਚ ਉਲਝੀ ਨਜ਼ਰ ਆਉਂਦੀ ਹੈ। ਇਹ ਸਾਡੇ ਸਮਾਜ ਵਿਚ ਆਈ ਇਖ਼ਲਾਕੀ ਗਿਰਾਵਟ ਨਹੀਂ ਤਾਂ ਹੋਰ ਕੀ ਹੈ? ਕੁਝ ਸਮਾਂ ਪਹਿਲਾਂ ਸਾਂਝੇ ਪਰਿਵਾਰਾਂ ਵਿਚ ਜਦੋਂ ਕੋਈ ਪਰਿਵਾਰ ਦਾ ਬਜ਼ੁਰਗ ਜਾਂ ਵੱਡਾ ਕੋਈ ਗੱਲ ਕਰਦਾ ਸੀ ਤਾਂ ਬਾਕੀ ਪਰਿਵਾਰਕ ਮੈਂਬਰ ਚੁੱਪ-ਚਾਪ ਸੁਣਦੇ ਸੀ ਤੇ ਸੁਣੀ ਹੋਈ ਗੱਲ ਤੇ ਅਮਲ ਕਰਦੇ ਸੀ। ਕਦੇ ਕੋਈ ਮੈਂਬਰ ਉਨ੍ਹਾਂ ਦੀ ਗੱਲ ਕੱਟਣ ਦੀ ਕੋਸ਼ਿਸ਼ ਨਹੀਂ ਕਰਦਾ ਸੀ। ਮਾਪਿਆਂ ਅਤੇ ਵੱਡਿਆਂ ਦਾ ਸਤਿਕਾਰ ਕਰਨ ਨੂੰ ਧਰਮ ਦਾ ਹਿੱਸਾ ਮੰਨਿਆ ਜਾਂਦਾ ਸੀ ਪਰ ਜਦੋਂ ਤੋਂ ਘਰਾਂ ਵਿਚ ਪਦਾਰਥਾਂ ਨੂੰ ਪ੍ਰਾਪਤ ਕਰਨ ਦੀ ਹੋੜ ਜਿਹੀ ਲੱਗੀ ਹੈ ਉਦੋਂ ਤੋਂ ਹੀ ਛੋਟੀਆਂ-ਛੋਟੀਆਂ ਗੱਲਾਂ ਤੇ ਤੂੰ-ਤੂੰ ਮੈਂ-ਮੈਂ ਜਾਂ ਲੜਾਈ-ਝਗੜੇ ਸ਼ੁਰੂ ਹੋ ਗਏ ਹਨ। ਉਦੋਂ ਤੋਂ ਹੀ ਖ਼ੁਸ਼ੀਆਂ ਭਰੇ ਹੱਸਦੇ ਵਸਦੇ ਘਰਾਂ ਵਿਚ ਨਫ਼ਰਤ ਦੀਆਂ ਲਾਟਾਂ ਨਜ਼ਰ ਆਉਣ ਲੱਗੀਆਂ ਹਨ। ਇਹ ਇਕ ਸਥਾਪਤ ਸੱਚਾਈ ਹੈ ਕਿ ਮਾਪੇ ਜਿਵੇਂ ਵਿਚਰਦੇ ਹਨ ਅਤੇ ਜਿਵੇਂ ਦੇ ਜੀਵਨ ਮੁੱਲਾਂ ਦੇ ਧਾਰਨੀ ਹੁੰਦੇ ਹਨ ਉਨ੍ਹਾਂ ਦੀ ਔਲਾਦ ਇਸ ਸਾਰੇ ਕੁਝ ਨੂੰ ਅਚੇਤ ਜਾਂ ਸੁਚੇਤ ਰੂਪ ਵਿਚ ਧਾਰਨ ਕਰਦੀ ਜਾਂਦੀ ਹੈ। ਸਹਿਣਸ਼ੀਲਤਾ, ਪਿਆਰ, ਵੱਡਿਆਂ ਦਾ ਸਤਿਕਾਰ, ਇਮਾਨਦਾਰੀ, ਦਿਆਨਤਦਾਰੀ, ਮਿਹਨਤ, ਸਕਾਰਾਤਮਕ ਸੋਚ, ਸੰਜਮ, ਆਸ਼ਾਵਾਦ ਆਦਿ ਗੁਣ ਸਿੱਖਣ ਲਈ ਪਰਿਵਾਰ ਬੱਚੇ ਲਈ ਪਹਿਲਾ ਸਕੂਲ ਹੁੰਦਾ ਹੈ।

ਪਰਸਪਰ ਸਬੰਧ

ਜਦੋਂ ਪਤੀ-ਪਤਨੀ ਦੇ ਪਰਸਪਰ ਸਬੰਧਾਂ ਵਿਚ ਆਪਸੀ ਸਹਿਯੋਗ, ਪਿਆਰ, ਸਤਿਕਾਰ, ਵਿਸ਼ਵਾਸ ਅਤੇ ਇਕ ਦੂਜੇ ਦੀ ਖ਼ੁਸ਼ੀ ਲਈ ਆਪਾ ਵਾਰਨ ਦੀ ਭਾਵਨਾ ਵਿਚ ਤੌੜ ਪੈਣੀ ਸ਼ੁਰੂ ਹੁੰਦੀ ਹੈ ਤਦ ਤੋਂ ਹੀ ਦੁੱਖ-ਦਾਈ ਪਰਿਵਾਰਕ ਜੀਵਨ ਦਾ ਆਰੰਭ ਹੁੰਦਾਂ ਹੈ। ਜਿਸ ਦਾ ਅਸਰ ਅੱਗੇ ਜਾ ਕੇ ਮਨੁੱਖੀ ਨਸਲ, ਸਮਾਜ ਅਤੇ ਦੇਸ਼ ਤੇ ਪੈਂਦਾ ਹੈ ਕਿਉਂਕਿ ਇਸ ਮਾਹੌਲ ਵਿਚ ਪਾਲਣ-ਪੋਸ਼ਣ ਪਾ ਰਹੇ ਬੱਚਿਆਂ 'ਤੇ, ਜੋ ਦੇਸ਼ ਦਾ ਭਵਿੱਖ ਹੁੰਦੇ ਹਨ, ਉਲਟ ਅਸਰ ਪੈਣਾ ਕੁਦਰਤੀ ਹੈ। ਇਸ ਕਾਰਨ ਸਾਡੇ ਲਈ ਬਹੁਤ ਹੀ ਦੁੱਖ ਦੀ ਗੱਲ ਹੈ ਕਿ ਅੱਜ ਸਾਡੇ ਸਮਾਜ 'ਚ ਪਰਿਵਾਰਾਂ ਦੀ ਸਥਿਤੀ ਬਹੁਤ ਖ਼ਰਾਬ ਨਜ਼ਰ ਆ ਰਹੀ ਹੈ।

ਪਿਆਰ ਦੀ ਭਾਵਨਾ

ਅਕਸਰ ਘਰਾਂ ਵਿਚ ਸੱਸ ਨੂੰਹ ਨੂੰ ਸੱਸ ਬਣ ਕੇ ਦਿਖਾਉਣ ਦੇ ਮੌਕੇ ਲੱਭਦੀ ਰਹਿੰਦੀ ਹੈ ਮਾਂ ਬਨਣ ਦੀ ਕਦੇ ਕੋਸ਼ੀਸ਼ ਨਹੀਂ ਕਰਦੀ ਤੇ ਨੂੰਹ ਸੱਸ ਨੂੰ ਨੂੰਹ ਬਣ ਕੇ ਹੀ ਦਿਖਾਉਂਦੀ ਹੈ ਤੇ ਧੀ ਬਣਨ ਨੂੰ ਕਦੇ ਨਹੀਂ ਲੋਚਦੀ, ਇਸੀ ਕਾਰਨ ਤਾਂ ਅਜੋਕੇ ਬਹੁਤੇ ਘਰ ਭਾਵੇਂ ਮਹਿਲਾਂ ਵਰਗੇ ਸੁੰਦਰ ਹਨ ਪਰ ਫਿਰ ਵੀ ਉਨ੍ਹਾਂ ਵਿਚ ਰਹਿਣ ਵਾਲਿਆਂ ਨੂੰ ਉਹ ਖੰਡਰ ਹੀ ਜਾਪਦੇ ਹਨ। ਚਾਹੀਦਾ ਤਾਂ ਇਹ ਹੈ ਕਿ ਜਿਸ ਤਰ੍ਹਾਂ ਮਾਂ ਦੇ ਸਾਹਮਣੇ ਧੀ ਤੋਂ ਅਨੇਕਾਂ ਗ਼ਲਤੀਆਂ ਹੁੰਦੀਆਂ ਹਨ ਤਾਂ ਮਾਂ ਉਸ ਨੂੰ ਇਨ੍ਹਾਂ ਗ਼ਲਤੀਆਂ ਨੂੰ ਸੁਧਾਰਨ ਦੀ ਸਿੱਖਿਆ ਦਿੰਦੀ ਹੋਈ ਇਨ੍ਹਾਂ ਵਿਚ ਸੁਧਾਰ ਕਰਨ ਲਈ ਪ੍ਰੇਰਦੀ ਹੈ, ਇਸੀ ਤਰ੍ਹਾਂ ਮਾਂ ਗੁੱਸੇ ਵਿੱਚ ਕਈ ਵਾਰ ਧੀ ਨੂੰ ਡਾਂਟਦੀ ਵੀ ਹੈ, ਤੇ ਇਸ ਗੁੱਸੇ ਨੂੰ ਧੀ ਪਿਆਰ ਦੀ ਭਾਵਨਾ ਮੰਨਦੀ ਹੋਈ ਖਿੜੇ ਮੱਥੇ ਸਹਾਰਦੀ ਹੈ।

ਹਉਮੈ ਦਾ ਤਿਆਗ

ਦੇਸ਼ ਅਤੇ ਸਮਾਜ ਦੇ ਵਡੇਰੇ ਹਿੱਤਾਂ ਲਈ ਪਤੀ-ਪਤਨੀ ਅਤੇ ਸੱਸ-ਨੂੰਹ ਨੂੰ ਪਰਿਵਾਰਕ ਰਿਸ਼ਤਿਆਂ ਵਿਚ ਮਿਠਾਸ ਪੈਦਾ ਕਰਨ ਲਈ ਇਸ ਤੋਂ ਗੁਰੇਜ ਕਰਨਾ ਚਾਹੀਦਾ ਹੈ। ਪਰਿਵਾਰਕ ਰਿਸ਼ਤਿਆ ਦੇ ਨਿੱਘ ਅਤੇ ਪਿਆਰ ਲਈ ਆਪਣੀ ਹਉਮੈ ਦਾ ਤਿਆਗ ਕਰਕੇ ਪਤੀ-ਪਤਨੀ ਅਤੇ ਸੱਸ-ਨੂੰਹ ਨੂੰ ਸਾਂਝੇ ਰੂਪ ਵਿੱਚ ਯਤਨ ਕਰਨੇ ਚਾਹੀਦੇ ਹਨ ਤਾਂ ਹੀ ਅਸੀਂ ਪਹਿਲਾਂ ਵਾਲੇ ਸੁੱਖਦਾਈਕ ਪਰਿਵਾਰਕ ਸਬੰਧਾਂ ਦਾ ਨਿੱਘ ਮਾਣ ਸਕਦੇ ਹਾਂ। ਇਸ ਦੇ ਲਈ ਪਰਿਵਾਰ ਦਾ ਕੇਂਦਰ ਬਿੰਦੂ ਮੰਨੀ ਜਾਂਦੀ ਇਸਤਰੀ ਨੂੰ ਵਧੇਰੇ ਯਤਨ ਕਰਨ ਦੀ ਜ਼ਰੂਰਤ ਹੈ ਕਿਉਂਕਿ ਔਰਤ ਦੀ ਕੁੱਖ ਵਿਚ ਬੱਚਾ ਨੌਂ ਮਹੀਨੇ ਪਲਦਾ ਹੈ। ਜੇਕਰ ਅਸੀਂ ਸਮਾਜ ਵਿਚ ਫੈਲੀ ਨਫ਼ਰਤ, ਨੈਤਿਕ ਗਿਰਾਵਟ, ਲੜਾਈ-ਝਗੜੇ ਆਦਿ ਅਸੱਭਿਅਕ ਗੁਣਾਂ ਨੂੰ ਖ਼ਤਮ ਕਰ ਕੇ ਪਹਿਲਾਂ ਵਾਲੇ ਖ਼ੁਸ਼ੀਆਂ ਭਰੇ ਅਤੇ ਸ਼ਾਂਤਮਈ ਵਾਤਾਵਰਨ ਵਾਲੇ ਸਾਂਝੇ ਪਰਿਵਾਰਾਂ ਨੂੰ ਮੁੜ ਸੁਰਜੀਤ ਕਰਨਾ ਚਾਹੁੰਦੇ ਹਾਂ ਤਾਂ ਇਸ ਦੇ ਲਈ ਪਰਿਵਾਰ ਅਤੇ ਸਮਾਜ ਨੂੰ ਵੀ ਜਗ ਜਲਨੀ ਨੂੰ ਸਾਂਤਮਈ ਵਾਤਾਵਰਨ ਦੇਣ ਦੀ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ। •

94171-58300

ਆਪਾ-ਧਾਪੀ

ਹਰ ਰਿਸ਼ਤੇ ਵਿਚ ਆਪਾ-ਧਾਪੀ ਹੀ ਪਈ ਨਜ਼ਰ ਆ ਰਹੀ ਹੈ। ਅੱਜ ਪਤੀ-ਪਤਨੀ ਦੇ ਰਿਸ਼ਤੇ ਵਿਚ ਵੀ ਪਹਿਲਾਂ ਵਾਲੀ ਉਹ ਸਾਂਝ ਅਤੇ ਮਿਠਾਸ ਜਿਸ ਦੇ ਕਾਰਨ ਇਸ ਰਿਸ਼ਤੇ ਨੂੰ ਪਰਮਾਤਮਾ ਦੁਆਰਾ ਜਨਮਾਂ-ਜਨਮਾਤਰਾਂ ਦੇ ਲਈ ਬਣਾਇਆ ਰਿਸ਼ਤਾਂ ਮੰਨ ਕੇ ਇਸ ਨੂੰ ਹਰ ਹੀਲੇ ਨਿਭਾਉਣ ਦੀ ਕੋਸ਼ੀਸ਼ ਕੀਤੀ ਜਾਂਦੀ ਸੀ, ਆਮ ਤੌਰ 'ਤੇ ਘੱਟ ਹੀ ਦੇਖਣ ਨੂੰ ਮਿਲਦੀ ਹੈ। ਇਸ ਰਿਸਤੇ ਵਿਚ ਆਈ ਖਟਾਸ ਦਾ ਅਸਰ ਬਾਕੀ ਰਿਸ਼ਤਿਆਂ 'ਤੇ ਵੀ ਸਪਸ਼ਟ ਨਜ਼ਰ ਆ ਰਿਹਾ ਹੈ। ਇਸੀ ਕਾਰਨ ਅੱਜ ਪਰਿਵਾਰਾਂ ਵਿਚ ਪਹਿਲਾਂ ਵਾਲਾ ਪਿਆਰ, ਰਿਸ਼ਤਿਆਂ ਦਾ ਨਿੱਘ, ਮਾਪਿਆਂ ਦੇ ਪ੍ਰਤੀ ਸਤਿਕਾਰ ਆਦਿ ਦੇਖਣ ਨੂੰ ਨਹੀਂ ਮਿਲਦਾ। ਇਸ ਦਾ ਸਭ ਤੋਂ ਵੱਡਾ ਕਾਰਨ ਜੋ ਨਜ਼ਰ ਆ ਰਿਹਾ ਹੈ ਉਹ ਇਹ ਹੈ ਕਿ ਅੱਜ ਹਰ ਖੇਤਰ ਵਿਚ ਸਮੂਹਵਾਦ ਦੀ ਥਾਂ ਨਿੱਜਵਾਦ ਭਾਰੂ ਹੋ ਗਿਆ ਹੈ। ਆਮ-ਤੌਰ 'ਤੇ ਪਰਿਵਾਰਕ ਮੈਂਬਰ ਆਪਣੇ ਹਿੱਤਾਂ ਦੀ ਪੂਰਤੀ ਲਈ ਦੂਸਰਿਆਂ ਨੂੰ ਨੁਕਸਾਨ ਪਹੁੰਚਾਉਣ ਤੋਂ ਵੀ ਨਹੀਂ ਝਿਜਕਦੇ। ਪਰਿਵਾਰ ਵਿਚ ਹਰੇਕ ਵਿਅਕਤੀ ਆਪਣੇ ਅਧਿਕਾਰਾਂ ਪ੍ਰਤੀ ਤਾਂ ਪੂਰਨ ਰੂਪ ਵਿਚ ਜਾਗਰੂਕ ਹੈ ਪਰ ਆਪਣੇ ਫ਼ਰਜ਼ਾ ਪ੍ਰਤੀ ਅਵੇਸਲਾ ਹੋਇਆ ਜਾਪਦਾ ਹੈ। ਜਦੋਂ ਕਿ ਰਿਸ਼ਤਿਆ ਵਿਚ ਮਿਠਾਸ ਪੈਦਾ ਕਰਨ ਲਈ ਅਧਿਕਾਰਾਂ ਦੇ ਨਾਲੋਂ ਕਰੱਤਵਾਂ ਵੱਲ ਧਿਆਨ ਦੇਣਾਜ਼ਿਆਦਾ ਜ਼ਰੂਰੀ ਹੈ।

ਸਮਾਜ ਦੇ ਹਨੇਰੇ ਕੋਨੇ ਨੂੰ ਫਰੋਲਦੀ ਲੇਖਿਕਾ

ਗੁਰਪ੍ਰੀਤ ਕੌਰ ਧਾਲੀਵਾਲ

ਗੁਰਪ੍ਰੀਤ ਕੌਰ ਧਾਲੀਵਾਲ ਪੰਜਾਬੀ ਦੀ ਬਹੁਪੱਖੀ ਸਾਹਿਤਕਾਰ ਹੈ। ਉਸ ਦੀਆਂ ਕਵਿਤਾਵਾਂ, ਕਹਾਣੀਆਂ ਅਤੇ ਲੇਖ ਸਮਾਜਿਕ ਸਰੋਕਾਰਾਂ ਦੀ ਗੱਲ ਕਰਦੇ ਹਨ। ਉਸ ਨੇ ਦਸਵੀਂ ਕਲਾਸ ਵਿਚ ਗਿਆਨੀ ਗੁਰਬਖਸ਼ ਸਿੰਘ ਦੀ ਪ੍ਰੇਰਣਾ ਸਦਕਾ ਲਿਖਣਾ ਸ਼ੁਰੂ ਕੀਤਾ ਸੀ। ਉਹ ਇਕ ਮਾਂ ਤੇ ਪਤਨੀ ਦੇ ਸਾਰੇ ਫਰਜ਼ਾਂ ਨੂੰ ਨਿਭਾਉਂਦੇ ਹੋਏ ਆਪਣੇ ਅਧਿਆਪਨ ਦੇ ਕਿੱਤੇ ਨੂੰ ਵੀ ਬਾਖੂਬੀ ਨਿਭਾਅ ਰਹੀ ਹੈ। ਉਸ ਦੀਆਂ ਕਵਿਤਾਵਾਂ ਔਰਤ ਮਨ ਦੀਆਂ ਵੱਖ-ਵੱਖ ਅਵਸਥਾਵਾਂ ਦੇ ਰੰਗ ਬਖੇਰਦੀਆਂ ਹਨ। ਗੁਰਪ੍ਰੀਤ ਕੌਰ ਦੀ ਸੂਝ ਦਾ ਦਾਇਰਾ ਵਿਸ਼ਾਲ ਹੈ ਤੇ ਉਸ ਦੀ ਸੁਰਤ ਸਮਾਜ ਦੇ ਹਰ ਹਨੇਰੇ ਕੋਨੇ ਨੂੰ ਫਰੋਲਦੀ-ਟੋਲਦੀ ਹੈ। ਨਵੀਂ ਪੀੜ੍ਹੀ ਦੀਆਂ ਪੰਜਾਬੀ ਕਵਿੱਤਰੀਆਂ ਵਿਚ ਗੁਰਪ੍ਰੀਤ ਦਾ ਵਿਸ਼ੇਸ਼ ਸਥਾਨ ਹੈ। ਉਸ ਦੀਆਂ ਮੋਹ ਦੀਆਂ ਤੰਦਾਂ, ਸਿੱਲ੍ਹੀਆਂ ਹਵਾਵਾਂ, ਪਰਕਟੀ ਪਰਵਾਜ਼, ਨਜ਼ਰ ਤੇਰੀ ਨਜ਼ਰੀਆ ਮੇਰਾ, ਚੁੱਪ ਦੇ ਬੋਲ ਪੁਸਤਕਾਂ ਪ੍ਰਕਾਸ਼ਤ ਹੋ ਚੁਕੀਆਂ ਹਨ। ਆਉ ਉਸ ਦੀਆਂ ਕਵਿਤਾਵਾਂ ਨਾਲ ਸਾਂਝ ਪਾਈਏ।

• ਅਰਵਿੰਦਰ ਕੌਰ ਸੰਧੂ

ਕਵਿਤਾਵਾਂ

ਹੱਕ

ਮੈਂ ਇਸੇ ਤਰ੍ਹਾਂ ਜਿਉਂਦੀ ਰਹਾਂਗੀ
ਹੱਕ ਨਾਲ ਆਪਣੀ ਹਰ ਗੱਲ
ਹਰ ਜਜ਼ਬਾਤ ਕਹਾਂਗੀ
ਲਿਖਦੀ ਹਾਂ ਲਿਖਦੀ ਰਹਾਂਗੀ
ਮੈਂ ਆਪਣਾ ਕੰਮ ਕਰਾਂਗੀ
ਉਹ ਆਪਣਾ ਕਰਨਗੇ
ਪਰ ਇਸ ਜ਼ਿੰਦਗੀ ਵਿਚ
ਅਰਥ ਤੇ ਰੰਗ
ਮੈਂ ਆਪਣੀ ਮਰਜ਼ੀ ਦੇ ਭਰਾਂਗੀ
ਉਹ ਹਰਗਿਜ਼ ਨਹੀਂ ਭਰਨਗੇ
ਉਹ ਤਾਂ
ਬਾਹਰ ਹਾਸ਼ੀਏ ਤੇ ਖੜ੍ਹਨਗੇ।

ਚੁੱਪ ਕੁੜੀਏ

ਚੁੱਪ ਕੁੜੀਏ!
ਚੁੱਪ
ਇਕਦਮ ਚੁੱਪ
ਇੰਝ ਨਹੀਂ ਬੋਲੀ ਦਾ
ਪਰਦਾ ਦਿਲ ਵਾਲਾ
ਕਿਸੇ ਅੱਗੇ ਨਹੀਂ ਫੋਲੀ ਦਾ
ਚੁੱਪ, ਇਕ ਦਮ ਚੁੱਪ।

• ਅਮਨਦੀ

ਅਧਿਕਾਰੀਆਂ ਵੱਲੋਂ ਬੀਜ ਵਿਕਰੇਤਾਵਾਂ ਦੀਆਂ ਦੁਕਾਨਾਂ 'ਤੇ ਛਾਪੇ



ਸ਼ਾਹਬਾਦ ਮਾਰਕੰਡਾ, 4 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੇ ਕੁਰੂਕਸ਼ੇਤਰ ਜ਼ਿਲ੍ਹੇ ਦੇ ਲਾਡਵਾ ਉਪ ਮੰਡਲ ਵਿੱਚ ਛਾਪੇ ਮਾਰ ਕੇ ਬੀਜ ਵਿਕੇਰਤਾਵਾਂ ਦੇ ਅਦਾਰਿਆਂ ਤੋਂ ਬੀਜਾਂ ਦੇ 10 ਨਮੂਨੇ ਲਏ। ਇਹ ਨਮੂਨੇ ਕਿਸਾਨਾਂ ਦੇ ਹਿੱਤਾਂ ਨੂੰ ਮੁੱਖ ਰਖੱਦਿਆਂ ਲਏ ਗਏ ਹਨ।

ਸੀਜਨ ਦੌਰਾਨ ਜੇਕਰ ਕਿਸੇ ਵੀ ਪੜਾਅ 'ਤੇ ਬੀਜ ਦੀ ਗੁਣਵੱਤਾ ਵਿੱਚ ਕਮੀ ਪਾਈ ਜਾਂਦੀ ਹੈ ਜਾਂ ਨਿਰਧਾਰਤ ਰੇਟਾਂ ਨਾਲੋਂ ਵੱਧ ਰੇਟ 'ਤੇ ਬੀਜ ਵੇਚਿਆ ਜਾਂਦਾ ਹੈ ਤਾਂ ਖੇਤੀਬਾੜੀ ਅਧਿਕਾਰੀ ਅਚਨਚੇਤੀ ਨਿਰੀਖਣ ਕਰ ਇਨ੍ਹਾਂ ਬੀਜ ਵਿਕੇਰਤਾਵਾਂ ਦੇ ਅਦਾਰਿਆਂ ਤੋਂ ਨਮੂਨੇ ਲੈ ਸਕਦੇ ਹਨ ਤੇ ਕੋਈ ਕਮੀ ਰਹਿਣ 'ਤੇ ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾ ਸਕਦੀ ਹੈ।

ਡਿਪਟੀ ਕਮਿਸ਼ਨਰ ਸ਼ਾਂਤਨੂ ਸ਼ਰਮਾ ਦੇ ਹੁਕਮਾਂ ਮੁਤਾਬਕ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਸੁਰਿੰਦਰ ਮਲਿਕ ਦੀ ਅਗਵਾਈ ਹੇਠ ਖੇਤੀਬਾੜੀ ਵਿਭਾਗ ਦੇ ਕੁਆਲਿਟੀ ਕੰਟਰੋਲਰ ਐੱਸਡੀਓ ਜਤਿੰਦਰ ਮਹਿਤਾ ਦੀ ਟੀਮ ਨੇ ਉਕਤ ਅਦਾਰਿਆਂ ਤੇ ਅਚਨਚੇਤੀ ਛਾਪੇ ਮਾਰੇ। ਲਾਡਵਾ ਸਬ-ਡਿਵੀਜ਼ਨ ਵਿੱਚ ਵੱਖ-ਵੱਖ ਥਾਵਾਂ 'ਤੇ ਬੀਜ ਵਿਕੇਰਤਾਵਾਂ ਦੀਆਂ ਮਿਲੀਆਂ ਬੇਨਿਯਮੀਆਂ ਸਬੰਧੀ ਕਿਸਾਨਾਂ ਵੱਲੋਂ ਮਿਲੀਆਂ ਸ਼ਿਕਾਇਤਾਂ ਦੇ ਆਧਾਰ 'ਤੇ ਇਹ ਕਾਰਵਾਈ ਕੀਤੀ ਗਈ ਹੈ। ਐੱਸਡੀਓ ਜਤਿੰਦਰ ਮਹਿਤਾ ਨੇ ਦੱਸਿਆ ਕਿ ਡੀਸੀ ਦੇ ਹੁਕਮਾਂ 'ਤੇ ਡਿਪਟੀ ਡਾਇਰੈਕਟਰ ਦੀ ਅਗਵਾਈ ਹੇਠ ਟੀਮ ਨੇ ਬੀਜ ਵਿਕੇਰਤਾਵਾਂ ਦੇ ਅਦਾਰਿਆਂ 'ਤੇ ਛਾਪੇ ਮਾਰ ਕੇ ਬੀਜਾਂ ਦੇ ਨਮੂਨੇ ਵੀ ਲਏ।

ਇਸ ਦੇ ਨਾਲ ਹੀ ਅਦਾਰਿਆਂ ਦੇ ਦਸਤਾਵੇਜ਼ਾਂ ਦੀ ਜਾਂਚ ਵੀ ਕੀਤੀ ਗਈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਬੀਜਾਂ ਦੀਆਂ ਕਿਸਮਾਂ ਦੀਆਂ ਸ਼ਿਕਾਇਤਾਂ ਲਗਾਤਾਰ ਮਿਲ ਰਹੀਆਂ ਸਨ, ਜਿਸ 'ਤੇ ਡਿਪਟੀ ਕਮਿਸ਼ਨਰ ਦੇ ਹੁਕਮਾਂ 'ਤੇ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਜੋ ਭਵਿੱਖ ਵਿੱਚ ਵੀ ਜਾਰੀ ਰਹੇਗੀ। ਜ਼ਿਲ੍ਹੇ ਵਿੱਚ ਹੁਣ ਤੱਕ ਬੀਜਾਂ ਦੇ 46 ਨਮੂਨੇ ਲਏ ਜਾ ਚੁੱਕੇ ਹਨ।

ਖੇਤੀਬਾੜੀ ਵਿਭਾਗ ਨੇ ਦੁਕਾਨਦਾਰਾਂ ਨੂੰ ਪ੍ਰਿੰਟ ਰੇਟ ਤੋਂ ਵੱਧ ਬੀਜ ਨਾ ਵੇਚਣ ਦੀ ਅਪੀਲ ਕੀਤੀ ਹੈ ਜੇ ਕੋਈ ਦੁਕਾਨਦਾਰ ਅਜਿਹੀ ਕਿਸੇ ਘਟਨਾ ਵਿੱਚ ਸ਼ਾਮਲ ਮਿਲਿਆ ਤਾਂ ਉਸ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਏਗੀ। ਉਨ੍ਹਾਂ ਇਹ ਵੀ ਹਦਾਇਤ ਕੀਤੀ ਹੈ ਕਿ ਜ਼ਿਲ੍ਹੇ ਵਿੱਚ ਹੀ ਤਿਆਰ ਬੀਜ ਜ਼ਿਲ੍ਹੇ ਵਿੱਚ ਵੇਚੇ ਜਾਣ।

ਦੋ ਵਿਅਕਤੀਆਂ ਸਮੇਤ ਇਕ ਅਣਪਛਾਤੇ ਵਿਰੁੱਧ ਚਾਕੂ ਦਿਖਾ ਕੇ ਮੋਬਾਇਲ ਫੋਨ ਅਤੇ ਨਗਦੀ ਖੋਹਣ ਤੇ ਮਾਮਲਾ ਦਰਜ

ਪਟਿਆਲਾ, 4 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਥਾਣਾ ਕੋਤਵਾਲੀ ਪਟਿਆਲਾ ਦੀ ਪੁਲਸ ਨੇ ਦੋ ਵਿਅਕਤੀਆਂ ਸਮੇਤ ਇਕ ਅਣਪਛਾਤੇ ਵਿਅਕਤੀ ਵਿਰੁੱਧ ਧਾਰਾ 379 ਬੀ ਆਈ. ਪੀ. ਸੀ. ਤਹਿਤ ਮਾਮਲਾ ਦਰਜ ਕੀਤਾ ਹੈ।

ਪੁਲਸ ਨੂੰ ਦਿੱਤੀ ਗਈ ਸਿ?ਕਾਇਤ ਵਿਚ ਦੱਸਿਆ ਕਿ ਸਿਕਾਇਤਕਰਤਾ ਆਤਮਾ ਰਾਮ ਪੁੱਤਰ ਲੋਟ ਰਾਮ ਗਰੀਬ ਵਾਸੀ ਕਿਰਾਏਦਾਰ ਸ਼ੀਸ਼ ਮਹਿਲ ਕਾਲੋਨੀ ਡਕਾਲਾ ਰੋਡ ਪਟਿਆਲਾ ਨੇ ਦੱਸਿਆ ਕਿ ਮਨੀਸ਼ ਕੁਮਾਰ ਪੁੱਤਰ ਸੋਹਨ ਲਾਲ ਵਾਸੀ ਚੀਮਾ ਕਲੋਨੀ ਸ਼ੀਸ ਮਹਿਲ ਕਲੋਨੀ ਪਟਿ, ਦੀਪਕ ਕੁਮਾਰ ਪੁੱਤਰ ਜਸਵਿੰਦਰ ਸਿੰਘ ਵਾਸੀ ਸੰਜੇ ਕਲੋਨੀ ਪਟਿਆਲਾ ਅਤੇ ਇਕ ਹੋਰ ਅਣਪਛਾਤੇ ਵਿਅਕਤੀ ਵਲੋਂ ਲੰਘੇ ਦਿਨਾਂ ਜਦੋਂ ਉਹ ਆਪਣੇ ਕੰਮ ਤੋਂ ਘਰ ਵਾਪਿਸ ਆ ਰਿਹਾ ਸੀ ਤਾਂ ਸ਼ੀਸ ਮਹਿਲ ਕਲੋਨੀ ਨੇੜੇ ਮੱਛੀ ਤਲਾਅ ਕੋਲ ਹਾਲੇ ਪਹੁੰਚਿਆ ਹੀ ਸੀ ਤਾਂ ਉਕਤ ਵਿਅਕਤੀਆਂ ਨੇ ਉਸਨੂੰ ਚਾਕੂ ਦਿਖਾ ਕੇ ਉਸ ਕੋਲੋਂ ਇੱਕ ਮੋਬਾਇਲ ਫੋਨ ਤੇ 1500 ਰੁਪਏ ਖੋਹ ਕੇ ਫਰਾਰ ਹੋ ਗਏ।

ਪੁਲਸ ਨੇ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਇਕ ਵਿਅਕਤੀ ਵਿਰੁੱਧ ਐਕਸਾਈਜ਼ ਐਕਟ ਤਹਿਤ ਮਾਮਲਾ ਦਰਜ

ਪਟਿਆਲਾ, 4 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਥਾਣਾ ਅਨਾਜ ਮੰਡੀ ਦੀ ਪੁਲਸ ਨੇ ਇਕ ਵਿਅਕਤੀ ਵਿਰੁੱਧ ਸ਼ਰਾਬ ਦੀਆਂ 48 ਬੋਤਲਾਂ ਮਿਲਣ ਤੇ ਐਕਸਾਈਜ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ।

ਪੁਲਸ ਮੁਤਾਬਕ ਏ. ਐਸ. ਆਈ. ਜਤਿੰਦਰ ਕੁਮਾਰ ਜੋ ਕਿ ਗੈਰ ਸਮਾਜਿਕ ਅਨਸਰਾਂ ਦੀ ਭਾਲ ਵਿਚ ਟੀ-ਪੁਆਇੰਟ ਭਾਰਤ ਨਗਰ ਕੋਲ ਮੋਜੂਦ ਸਨ ਤਾਂ ਸੂਚਨਾ ਮਿਲੀ ਕਿ ਵਿੱਕੀ ਕੁਮਾਰ ਪੁੱਤਰ ਜਗਤਾਰ ਵਾਸੀ ਹਾਲ ਕਿਰਾਏਦਾਰ ਮਕਾਨ ਨੰ. 3/323 ਮਕਾਨ ਮਾਲਕ ਲਾਲੀ ਕਰਿਆਨਾ ਡਿੱਪੂ ਵਾਲਾ ਤਫੱਜਲਪੁਰਾ ਥਾਣਾ ਅਰਬਨ ਅਸਟੇਟ ਪਟਿਆਲਾ ਬਾਹਰੋਂ ਸਸਤੀ ਸ਼ਰਾਬ ਲਿਆ ਕੇ ਮਹਿੰਗੇ ਭਾਅ ਵਿੱਚ ਵੇਚਣ ਦਾ ਆਦੀ ਹੈ

ਰੇਲਵੇ ਨਗਰ ਨੇੜੇ ਭਾਰਤ ਨਗਰ ਖਾਲੀ ਜਗ੍ਹਾ ਵਿੱਚ ਸ਼ਰਾਬ ਵੇਚ ਰਿਹਾ ਹੈ, ਤੇ ਜਦੋਂ ਰੇਡ ਮਾਰੀ ਗਈ ਤਾਂ ਉਸ ਕੋਲੋਂ 48 ਬੋਤਲਾਂ ਸ਼ਰਾਬ ਦੀਆਂ ਬ੍ਰਾਮਦ ਹੋਈਆਂ।

ਪੁਲਸ ਨੇ ਐਕਸਾਈਜ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਗੁਰੂ ਸਾਹਿਬ ਦੀਆਂ ਕੁਰਬਾਨੀਆਂ ਨੂੰ ਭੁਲਾਇਆ ਨਹੀਂ ਜਾ ਸਕਦਾ: ਨਾਇਬ ਸੈਣੀ

ਨਰਾਇਣਗੜ੍ਹ, 4 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਨਰਾਇਣਗੜ੍ਹ ਦੇ ਗੁਰਦੁਆਰਾ ਰਾਤਗੜ੍ਹ ਵਿੱਚ ਕਰਵਾਏ ਸਮਾਗਮ ਵਿੱਚ ਮੁੱਖ ਮੰਤਰੀ ਨਾਇਬ ਸੈਣੀ ਅਤੇ ਬੰਤੋ ਕਟਾਰੀਆ ਨੇ ਸ਼ਿਰਕਤ ਕੀਤੀ ਅਤੇ ਗੁਰੂ ਘਰ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਹ ਸਮਾਗਮ ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਕਾਸ਼ ਦਿਹਾੜੇ ਅਤੇ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਨੂੰ ਸਮਰਪਿਤ ਕਰਵਾਇਆ ਗਿਆ ਸੀ।

ਮੁੱਖ ਮੰਤਰੀ ਨਾਇਬ ਸੈਣੀ ਨੇ ਸਮੂਹ ਸੰਗਤ ਨੂੰ ਵਧਾਈ ਦਿੰਦਿਆਂ ਕਿਹਾ ਕਿ ਗੁਰੂ ਸਾਹਿਬਾਨ ਦੀਆਂ ਕੁਰਬਾਨੀਆਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ ਅਤੇ ਸਮੁੱਚਾ ਵਿਸ਼ਵ ਉਨ੍ਹਾਂ ਦਾ ਰਿਣੀ ਰਹੇਗਾ। ਇਸ ਮੌਕੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਦਾ ਸਨਮਾਨ ਵੀ ਕੀਤਾ ਗਿਆ ਅਤੇ ਸਮੂਹ ਸੰਗਤ ਦਾ ਧੰਨਵਾਦ ਕੀਤਾ। ਇਸ ਮੌਕੇ ਰਾਗੀ ਮਹਿਤਾਬ ਸਿੰਘ ਜਲੰਧਰ ਵਾਲੇ, ਅਜਮੇਰ ਸਿੰਘ ਕਥਾਵਾਚਕ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ, ਮਨਜਿੰਦਰ ਸਿੰਘ ਰਬਾਬੀ ਹਜ਼ੂਰੀ ਰਾਗੀ ਗੁਰਦੁਆਰਾ ਸ੍ਰੀ ਨਾਡਾ ਸਾਹਿਬ, ਭਾਈ ਸਤਨਾਮ ਸਿੰਘ ਕਥਾਵਾਚਕ ਗੁਰਦੁਆਰਾ ਸ੍ਰੀ ਪੰਜੋਖਰਾ ਸਾਹਿਬ, ਭਾਈ ਸਤਿੰਦਰਪਾਲ ਸਿੰਘ ਰਾਗੀ ਲੁਧਿਆਣਾ ਵਾਲਿਆਂ ਨੇ ਗੁਰੂਆਂ ਦੇ ਜੀਵਨ ਬਾਰੇ ਚਾਨਣਾ ਪਾਇਆ। ਇਸ ਮੌਕੇ ਪ੍ਰਧਾਨ ਨਰਿੰਦਰ ਸਿੰਘ, ਸਕੱਤਰ ਗੁਰਜੰਟ ਸਿੰਘ, ਲਾਲ ਸਿੰਘ, ਭਗਤ ਸਿੰਘ, ਇਕਬਾਲ ਸਿੰਘ, ਗੁਰਸੇਵਕ ਸਿੰਘ, ਮਨਿੰਦਰ ਸਿੰਘ, ਗੁਰਚਰਨ ਸਿੰਘ, ਗੁਰਨਾਮ ਸਿੰਘ, ਬਚਿੱਤਰ ਸਿੰਘ, ਜਗੀਰ ਸਿੰਘ, ਜਤਿੰਦਰ ਅਬਦੁੱਲਾ, ਕੁਲਵੰਤ ਸਿੰਘ, ਜਸਪਾਲ ਸਿੰਘ. , ਕੁਲਦੀਪ ਸਿੰਘ, ਅਮਿਤ ਵਾਲੀਆ, ਸੁਰਜੀਤ ਸਿੰਘ ਹਾਜ਼ਰ ਸਨ। ਗੁਰਦੁਆਰਾ ਦੇ ਸਕੱਤਰ ਗੁਰਜੰਟ ਸਿੰਘ ਨੇ ਗੁਰੂ ਦੇ ਲੜ ਲੱਗਣ ਦੀ ਅਪੀਲ ਕੀਤੀ।

ਮੋਦੀ ਦੀ ਅਗਵਾਈ ਹੇਠ ਦੇਸ਼ ਤਾਨਾਸ਼ਾਹੀ ਵਲ ਵੱਧ ਰਿਹੈ: ਗੋਇਲ

ਸ਼ਾਹਬਾਦ ਮਾਰਕੰਡਾ, 4 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਦਿੱਲੀ ਵਿਧਾਨ ਸਭਾ ਦੇ ਸਪੀਕਰ ਰਾਮ ਨਿਵਾਸ ਗੋਇਲ ਨੇ ਅੱਜ ਇੱਥੇ ਕਿਹਾ ਕਿ ਦੇਸ਼ ਤਾਨਾਸ਼ਾਹੀ ਵਲ ਵੱਧ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ 400 ਸੀਟਾਂ ਦੀ ਮੰਗ ਕਰ ਕੇ ਸੰਵਿਧਾਨ ਬਦਲਣਾ ਚਾਹੁੰਦੇ ਹਨ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਅਜਿਹੀ ਸਥਿਤੀ ਵਿਚ ਆਪਣੇ ਆਪ ਨੂੰ ਰਾਸ਼ਟਰਵਾਦੀ ਸੰਗਠਨ ਕਹਾਉਣ ਵਾਲੀ ਆਰਐੱਸਐੱਸ ਚੁੱਪ ਧਾਰੀ ਬੈਠੀ ਹੈ। ਦਿੱਲੀ ਵਿਧਾਨ ਸਭਾ ਦੇ ਸਪੀਕਰ ਰਾਮ ਨਿਵਾਸ ਗੋਇਲ ਅੱਜ ਸਾਬਕਾ ਕੌਂਸਲਰ ਮਨੂ ਜੈਨ ਦੇ ਦਫਤਰ ਵਿਚ ਸ਼ਹਿਰ ਦੇ ਸਾਬਕਾ ਤੇ ਮੌਜੂਦਾ ਕੌਂਸਲਰਾਂ ਸਣੇ ਸ਼ਹਿਰ ਦੇ ਹੋਰ ਪਤਵੰਤਿਆਂ ਦੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਗੋਇਲ ਦਾ ਇੱਥੇ ਪੁੱਜਣ 'ਤੇ ਸਾਬਕਾ ਮੰਤਰੀ ਅਸ਼ੋਕ ਅਰੋੜਾ ਨੇ ਸੁਆਗਤ ਕੀਤਾ ਤੇ ਭਰੋਸਾ ਦਿੱਤਾ ਕਿ ਕੁਰੂਕਸ਼ੇਤਰ ਲੋਕ ਸਭਾ ਸੀਟ ਤੋਂ 'ਇੰਡਿਆ' ਗੱਠਜੋੜ ਦੇ ਉਮੀਦਵਾਰ ਡਾ. ਸੁਸ਼ੀਲ ਗੁਪਤਾ ਨੂੰ ਵੱਡੇ ਫਰਕ ਨਾਲ ਜਿਤਾ ਕੇ ਭੇਜਿਆ ਜਾਵੇਗਾ।

ਗੋਇਲ ਨੇ ਕਿਹਾ ਕਿ ਦੋ ਪੜਾਵਾਂ ਵਿਚ ਹੋਈ ਘੱਟ ਵੋਟਿੰਗ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਬੌਖਲਾ ਗਏ ਹਨ ਤੇ ਉਹ ਅਜਿਹੇ ਨੀਵੇਂ ਪੱਧਰ ਦੀ ਭਾਸ਼ਾ ਬੋਲ ਰਹੇ ਹਨ ਜੋ ਪ੍ਰਧਾਨ ਮੰਤਰੀ ਦੇ ਅਹੁਦੇ ਨੂੰ ਸੋਭਾ ਨਹੀਂ ਦਿੰਦੀ। ਮੋਦੀ ਨੇ ਪ੍ਰਧਾਨ ਮੰਤਰੀ ਦੇ ਆਹੁਦੇ ਦੀ ਮਰਿਆਦਾ ਨੂੰ ਘਟਾਇਆ ਹੈ। ਗੋਇਲ ਨੇ ਕਿਹਾ ਕਿ ਉਸ ਦਾ ਪਿਛੋਕੜ ਆਰਐੱਸਐੱਸ ਵਾਲਾ ਹੈ ਤੇ ਉਹ ਤੇ ਉਨ੍ਹਾਂ ਦਾ ਪਰਿਵਾਰ ਲੰਮੇ ਸਮੇਂ ਤਕ ਆਰਐੱਸਐੱਸ ਨਾਲ ਜੁੜਿਆ ਰਿਹਾ ਹੈ ਪਰ ਅੱਜ ਆਰਐੱਸਐੱਸ ਨੇ ਵੀ ਮੋਦੀ ਅੱਗੇ ਆਤਮਸਮਰਪਨ ਕਰ ਦਿੱਤਾ ਹੈ। ਆਰਐੱਸਐੱਸ ਚੁੱਪ ਹੈ। ਦੇਸ਼ ਤਾਨਾਸ਼ਾਹੀ ਵਲ ਵੱਧ ਰਿਹਾ ਹੈ। ਗੋਇਲ ਨੇ ਕਿਹਾ ਕਿ 2014 ਤਕ ਕਾਂਗਰਸ ਨੇ ਦੇਸ਼ ਨੂੰ ਤਰੱਕੀ ਦੀਆਂ ਬੁਲੰਦੀਆਂ 'ਤੇ ਪਹੁੰਚਾਇਆ ਸੀ ਤੇ ਅੱਜ ਦੇਸ਼ ਕਰਜ਼ੇ ਵਿਚ ਡੁੱਬ ਗਿਆ ਹੈ। ਗੋਇਲ ਨੇ ਕਿਹਾ ਕਿ ਗੱਠਜੋੜ ਦੇ ਉਮੀਦਵਾਰ ਦੇਸ਼ ਭਰ ਵਿੱਚ ਜਿੱਤ ਵਲ ਵੱਧ ਰਹੇ ਹਨ। ਇਹ ਚੋਣ ਦੇਸ਼ ਨੂੰ ਤਾਨਾਸ਼ਾਹੀ ਤੋਂ ਬਚਾਉਣ ਲਈ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਦਿੱਲੀ ਵਿਚ ਨਕਲੀ ਸ਼ਰਾਬ ਘੁਟਾਲਾ ਰਚ ਕੇ ਲੋਕਾਂ ਦੇ ਚੁਣੇ ਮੁੱਖ ਮੰਤਰੀ ਨੂੰ ਜੇਲ੍ਹ ਵਿਚ ਡੱਕ ਦਿੱਤਾ ਗਿਆ ਹੈ ਤੇ ਦੂਜੇ ਪਾਸੇ ਮੋਦੀ ਹਰਿਆਣਾ ਵਿਚ ਸ਼ਰਾਬ ਘੁਟਲੇ 'ਤੇ ਚੁੱਪ ਧਾਰੀ ਬੈਠੇ ਹਨ।

ਦਿੱਲੀ ਵਿਧਾਨ ਸਭਾ ਦੇ ਸਪੀਕਰ ਰਾਮ ਨਿਵਾਸ ਗੋਇਲ ਨੇ ਕਿਹਾ ਕਿ ਮੋਦੀ ਸਾਰੀਆਂ ਸੰਵਿਧਾਨਕ ਸੰਸਥਾਵਾਂ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ। ਉਹ ਆਪਣੇ ਵਿਰੋਧੀਆਂ ਨੂੰ ਦਬਾਉਣ ਲਈ ਈਡੀ ਤੇ ਸੀਬੀਆਈ ਦੀ ਦੁਰਵਰਤੋਂ ਕਰ ਰਹੇ ਹਨ। ਸਾਬਕਾ ਮੰਤਰੀ ਅਸ਼ੋਕ ਅਰੋੜਾ ਨੇ ਕਿਹਾ ਕਿ ਸੂਬੇ ਦੀਆਂ ਸਾਰੀਆਂ 10 ਸੀਟਾਂ 'ਤੇ ਗੱਠਜੋੜ ਦੀ ਜਿੱਤ ਯਕੀਨੀ ਹੈ। ਪਿੰਡਾਂ ਵਿਚ ਭਾਜਪਾ ਦਾ ਪੂਰਾ ਵਿਰੋਧ ਹੋ ਰਿਹਾ ਹੈ ਤੇ ਉਨ੍ਹਾਂ ਨੂੰ ਪਿੰਡਾਂ ਵਿਚ ਵੜਨ ਨਹੀਂ ਦਿੱਤਾ ਜਾ ਰਿਹਾ।

ਈਡੀ ਵੱਲੋਂ ਹਰਿਆਣਾ ਦੇ ਕਾਂਗਰਸੀ ਵਿਧਾਇਕ ਦਾ ਪੁੱਤਰ ਗ੍ਰਿਫ਼ਤਾਰ

ਨਵੀਂ ਦਿੱਲੀ, 4 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਹਰਿਆਣਾ ਕਾਂਗਰਸ ਦੇ ਵਿਧਾਇਕ ਧਰਮ ਸਿੰਘ ਛੋਕਰ ਦੇ ਪੁੱਤਰ ਸਿਕੰਦਰ ਸਿੰਘ ਨੂੰ ਕਿਫਾਇਤੀ ਦਰਾਂ 'ਤੇ ਲੋਕਾਂ ਨੂੰ ਘਰ ਮੁਹੱਈਆ ਕਰਵਾਉਣ ਦਾ ਲਾਲਚ ਦੇ ਕੇ ਧੋਖਾਧੜੀ ਕਰਨ ਦੇ ਦੋਸ਼ ਹੇਠ ਅੱਜ ਗ੍ਰਿਫਤਾਰ ਕੀਤਾ ਹੈ। ਸੂਤਰਾਂ ਨੇ ਕਿਹਾ ਕਿ ਸਿਕੰਦਰ ਸਿੰਘ ਨੂੰ ਮਨੀ ਲਾਂਡਰਿੰਗ ਰੋਕੂ ਐਕਟ (ਪੀਐਮਐਲਏ) ਤਹਿਤ ਹਿਰਾਸਤ ਵਿੱਚ ਲਿਆ ਗਿਆ ਹੈ। ਦੱਸਣਾ ਬਣਦਾ ਹੈ ਕਿ ਧਰਮ ਸਿੰਘ ਛੋਕਰ ਪਾਣੀਪਤ ਜ਼ਿਲ੍ਹੇ ਦੀ ਸਮਾਲਖਾ ਵਿਧਾਨ ਸਭਾ ਸੀਟ ਤੋਂ ਵਿਧਾਇਕ ਹਨ। ਉਹ, ਉਸ ਦਾ ਪੁੱਤਰ ਸਿਕੰਦਰ ਸਿੰਘ ਅਤੇ ਵਿਕਾਸ ਮਾਹਿਰਾ ਰੀਅਲ ਅਸਟੇਟ ਸਮੂਹ ਦੇ ਮਾਲਕ ਅਤੇ ਪ੍ਰਮੋਟਰ ਹਨ। ਈਡੀ ਨੇ ਪਿਛਲੇ ਸਾਲ ਜੁਲਾਈ ਵਿੱਚ ਵਿਧਾਇਕ ਦੀ ਸਾਈ ਆਇਨਾ ਫਾਰਮਜ਼ ਪ੍ਰਾਈਵੇਟ ਲਿਮਟਿਡ (ਹੁਣ ਮਾਹਿਰਾ ਇਨਫਰਾਟੈਕ ਪ੍ਰਾਈਵੇਟ ਲਿਮਟਿਡ) ਤੇ ਮਾਹਿਰਾ ਗਰੁੱਪ ਦੀਆਂ ਹੋਰ ਕੰਪਨੀਆਂ 'ਤੇ ਛਾਪੇ ਮਾਰੇ ਸਨ।

ਨੂਹ 'ਚ ਮੁਕਾਬਲੇ ਬਾਅਦ ਪੁਲੀਸ ਨੇ ਲਾਰੈਂਸ ਬਿਸ਼ਨੋਈ ਗਰੋਹ ਦੇ ਦੋ ਸ਼ੂਟਰ ਕਾਬੂ ਕੀਤੇ

ਨੂਹ (ਹਰਿਆਣਾ) 4 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੁਲੀਸ ਨੇ ਅੱਜ ਕਿਹਾ ਕਿ ਮੁਕਾਬਲੇ ਤੋਂ ਬਾਅਦ ਲਾਰੈਂਸ ਬਿਸ਼ਨੋਈ ਗੈਂਗ ਦੇ ਦੋ ਸ਼ੂਟਰਾਂ ਨੂੰ ਹਰਿਆਣਾ ਦੇ ਨੂਹ ਤੋਂ ਗ੍ਰਿਫਤਾਰ ਕਰ ਲਿਆ ਗਿਆ। ਅਧਿਕਾਰੀਆਂ ਮੁਤਾਬਕ ਸ਼ੂਟਰਾਂ ਨੂੰ ਨੂਹ ਸਦਰ ਥਾਣਾ ਦੀ ਹੱਦ ਅਧੀਨ ਪੈਂਦੇ ਪਿੰਡ ਪੱਲਾ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਨੇ ਦੱਸਿਆ ਕਿ ਇੱਕ ਸ਼ੂਟਰ ਦੀ ਲੱਤ ਵਿੱਚ ਗੋਲੀ ਲੱਗੀ ਅਤੇ ਉਹ ਇਸ ਸਮੇਂ ਨੂਹ ਵਿੱਚ ਕਮਿਊਨਿਟੀ ਹੈਲਥ ਸੈਂਟਰ (ਸੀਐਚਸੀ) ਵਿੱਚ ਇਲਾਜ ਅਧੀਨ ਹੈ। ਸ਼ੂਟਰ ਰੋਹਤਕ ਵਿੱਚ ਅਪਰਾਧਿਕ ਮਾਮਲੇ ਵਿੱਚ ਲੋੜੀਂਦਾ ਸੀ। ਅਧਿਕਾਰੀਆਂ ਅਨੁਸਾਰ ਗੁਰੂਗ੍ਰਾਮ ਸਪੈਸ਼ਲ ਟਾਸਕ ਫੋਰਸ (ਐੱਸਟੀਐੱਫ), ਨੂਹ ਪੁਲੀਸ ਅਤੇ ਦਿੱਲੀ ਪੁਲੀਸ ਸਪੈਸ਼ਲ ਸੈੱਲ ਦੀ ਕਾਊਂਟਰ ਇੰਟੈਲੀਜੈਂਸ ਦੀ ਸਾਂਝੀ ਟੀਮ ਮੁਕਾਬਲੇ ਵਿੱਚ ਸ਼ਾਮਲ ਸੀ।

ਜਨ ਹਿੱਤ ਸੰਮਤੀ ਵਲੋਂ ਲੋੜਵੰਦ ਲੜਕੀਆਂ ਲਈ ਸਿਲਾਈ ਸੈਂਟਰ ਖੋਲਣੇ ਸ਼ਲਾਘਾਯੋਗ: ਮੈਡਮ ਸਤਇੰਦਰਪਾਲ ਕੋਰ ਵਾਲੀਆ

ਜਨ ਹਿੱਤ ਸੰਮਤੀ ਵਲੋਂ ਲੋੜਵੰਦ ਲੜਕੀਆਂ ਲਈ ਸਿਲਾਈ ਸੈਂਟਰ ਦਾ ਉਦਘਾਟਨ ਕਰਦੇ ਹੋਏ ਮੈਡਮ ਸਤਇੰਦਰਪਾਲ

5448 ਪੋਲਿੰਗ ਅਧਿਕਾਰੀਆਂ ਨੂੰ ਕੰਪਿਊਟਰ ਸਾਫਟਵੇਅਰ ਦੁਆਰਾ ਰੈਂਡਮ ਤੌਰ 'ਤੇ ਚੁਣਿਆ ਗਿਆ- ਡੀਈਓ ਆਸ਼ਿਕਾ ਜੈਨ

ਮੁਹਾਲੀ, 4 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਚੋਣ ਅਫ਼ਸਰ ਸ੍ਰੀਮਤੀ ਆਸ਼ਿਕਾ ਜੈਨ ਨੇ ਦੱਸਿਆ ਕਿ ਲੋਕ ਸਭਾ ਚੋਣਾਂ-2024 ਦੇ ਮੱਦੇਨਜ਼ਰ ਜ਼ਿਲ੍ਹਾ ਚੋਣ ਦਫ਼ਤਰ ਵੱਲੋਂ ਪੋਲਿੰਗ ਅਮਲੇ ਦੀ ਰੈਂਡਮਾਈਜ਼ੇਸ਼ਨ ਦਾ ਪਹਿਲਾ ਪੜਾਅ ਅੱਜ ਇੱਥੇ ਸਿਆਸੀ ਪਾਰਟੀਆਂ ਦੀ ਹਾਜ਼ਰੀ ਵਿੱਚ ਮੁਕੰਮਲ ਕਰਵਾਇਆ ਗਿਆ।

ਉਨ੍ਹਾਂ ਅੱਗੇ ਦੱਸਿਆ ਕਿ ਸ਼ੁਰੂਆਤੀ ਤੌਰ 'ਤੇ ਪ੍ਰੀਜ਼ਾਈਡਿੰਗ ਅਫ਼ਸਰਾਂ, ਸਹਾਇਕ ਪ੍ਰੀਜ਼ਾਈਡਿੰਗ ਅਫ਼ਸਰਾਂ ਅਤੇ ਪੋਲਿੰਗ ਅਫ਼ਸਰਾਂ ਦੀ ਗਿਣਤੀ ਕੰਪਿਊਟਰ ਸਾਫ਼ਟਵੇਅਰ ਰਾਹੀਂ ਸਿਖਲਾਈ ਦੇ ਮਕਸਦ ਨਾਲ ਤੈਅ ਕੀਤੀ ਗਈ ਹੈ ਅਤੇ 16 ਮਈ ਨੂੰ ਹੋਣ ਵਾਲੀ ਦੂਜੀ ਰੈਂਡਮਾਈਜ਼ੇਸ਼ਨ ਦੌਰਾਨ ਚੋਣ ਹਲਕਿਆਂ ਦੀ ਅਲਾਟਮੈਂਟ ਦਾ ਫ਼ੈਸਲਾ ਕੀਤਾ ਜਾਵੇਗਾ। ਪੋਲਿੰਗ ਸਟਾਫ਼ (ਪੋਲਿੰਗ ਪਾਰਟੀਆਂ) ਨੂੰ ਚੋਣ ਬੂਥਾਂ ਦੀ ਅਲਾਟਮੈਂਟ ਤੀਜੀ ਰੈਂਡਮਾਈਜ਼ੇਸ਼ਨ ਦੌਰਾਨ 35 ਮਈ ਨੂੰ ਮੁਕੰਮਲ ਕਰ ਲਈ ਜਾਵੇਗੀ ਜਦੋਂ ਉਹ ਡਿਊਟੀ ਸਥਾਨਾਂ ਲਈ ਡਿਸਪੈਚ ਸੈਂਟਰਾਂ ਤੋਂ ਰਵਾਨਾ ਹੋਣਗੇ।

ਜ਼ਿਲ੍ਹੇ ਵਿੱਚ ਚਮਕੌਰ ਸਾਹਿਬ, ਰਾਜਪੁਰਾ ਅਤੇ ਘਨੌਰ ਵਿਧਾਨ ਸਭਾ ਹਲਕਿਆਂ ਵਿੱਚ ਪੈਂਦੇ ਬੂਥਾਂ ਸਮੇਤ ਕੁੱਲ 905 ਪੋਲਿੰਗ ਬੂਥ ਹਨ। ਇਨ੍ਹਾਂ ਸਾਰਿਆਂ ਲਈ 50 ਫੀਸਦੀ ਵਾਧੂ ਪੋਲਿੰਗ ਸਟਾਫ਼ ਰਾਖਵਾਂ ਕਰਕੇ ਕੁੱਲ 5448 ਵਿਅਕਤੀਆਂ ਨੂੰ ਤਾਇਨਾਤ ਕੀਤਾ ਗਿਆ ਹੈ ਜੋ 5 ਮਈ, 2024 ਤੋਂ ਤਿੰਨ ਥਾਵਾਂ 'ਤੇ ਸਿਖਲਾਈ ਲੈਣਗੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਸਿਖਲਾਈ ਸਥਾਨਾਂ ਵਿੱਚੋਂ ਦੋ-ਦੋ ਸਰਕਾਰੀ ਕਾਲਜ ਡੇਰਾਬੱਸੀ, ਸਰਕਾਰੀ ਪੋਲੀਟੈਕਨਿਕ ਖੂਨੀ ਮਾਜਰਾ ਅਤੇ ਸਕੂਲ ਆਫ਼ ਐਮੀਨੈਂਸ ਫੇਜ਼ 3ਬੀ1 ਐਸ.ਏ.ਐਸ.ਨਗਰ ਵਿਖੇ ਸਥਾਪਿਤ ਕੀਤੇ ਗਏ ਹਨ।

ਉਨ੍ਹਾਂ ਦੱਸਿਆ ਕਿ ਰੈਂਡਮਾਈਜ਼ੇਸ਼ਨ ਪ੍ਰਕਿਰਿਆ ਵਿੱਚ 1362 ਪ੍ਰੀਜ਼ਾਈਡਿੰਗ ਅਫ਼ਸਰ, 1362 ਸਹਾਇਕ ਪ੍ਰੀਜ਼ਾਈਡਿੰਗ ਅਫ਼ਸਰ ਅਤੇ 2724 ਪੋਲਿੰਗ ਅਫ਼ਸਰ ਤਾਇਨਾਤ ਕੀਤੇ ਗਏ ਹਨ।

ਇਸ ਮੌਕੇ ਹਾਜ਼ਰ ਅਧਿਕਾਰੀਆਂ ਵਿੱਚ ਏਡੀਸੀ (ਜੀ) ਵਿਰਾਜ ਐਸ ਤਿੜਕੇ, ਏਆਰਓ-ਕਮ-ਐਸਡੀਐਮ ਐਸਏਐਸ ਨਗਰ ਮੁਹਾਲੀ ਦੀਪਾਂਕਰ ਗਰਗ, ਚੋਣ ਤਹਿਸੀਲਦਾਰ ਸੰਜੇ ਕੁਮਾਰ ਅਤੇ ਜ਼ਿਲ੍ਹਾ ਸੂਚਨਾ ਅਫਸਰ ਅੰਨੂ ਗੁਪਤਾ ਹਾਜ਼ਰ ਸਨ।

ਰੈਂਡਮਾਈਜ਼ੇਸ਼ਨ ਪ੍ਰਕਿਰਿਆ ਦੌਰਾਨ ਮੌਜੂਦ ਸਿਆਸੀ ਪਾਰਟੀਆਂ ਵਿੱਚ ਕਾਂਗਰਸ, ਆਪ, ਅਕਾਲੀ ਦਲ, ਭਾਜਪਾ ਅਤੇ ਬਸਪਾ ਸ਼ਾਮਲ ਸਨ।

ਪੰਜਾਬ ਪ੍ਰੈਸ ਕਲੱਬ ਵਲੋਂ ਸਰਬਜੀਤ ਸਿੰਘ ਪੰਧੇਰ ਤੇ ਗੁਰਪ੍ਰੀਤ ਸਿੰਘ ਲਾਡੀ ਦੇ ਦਿਹਾਂਤ 'ਤੇ ਦੁੱਖ ਦਾ ਪ੍ਰਗਟਾਵਾ

ਜਲੰਧਰ, 4 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਪ੍ਰੈਸ ਕਲੱਬ ਦੀ ਗਵਰਨਿੰਗ ਕੌਂਸਲ ਨੇ ਅੱਜ ਇੱਥੇ ਇਕ ਬਿਆਨ 'ਚ ਸੀਨੀਅਰ ਪੱਤਰਕਾਰ ਸਰਬਜੀਤ ਸਿੰਘ ਪੰਧੇਰ ਅਤੇ ਇਕ ਹੋਰ ਸੀਨੀਅਰ ਪੱਤਰਕਾਰ ਗੁਰਪ੍ਰੀਤ ਸਿੰਘ ਲਾਡੀ ਦੇ ਸਦੀਵੀ ਵਿਛੋੜੇ 'ਤ

ਗਵਰਨਿੰਗ ਕੌਂਸਲ ਵਲੋਂ ਪ੍ਰੈਸ ਨਾਲ ਗੱਲਬਾਤ ਕਰਦਿਆਂ ਪ੍ਰੈਸ ਕਲੱਬ ਦੇ ਪ੍ਰਧਾਨ ਸ੍ਰੀ ਸਤਨਾਮ ਸਿੰਘ ਮਾਣਕ ਨੇ ਕਿਹਾ ਕਿ ਸਰਬਜੀਤ ਸਿੰਘ ਪੰਧੇਰ ਨੇ ਕਈ ਦਹਾਕਿਆਂ ਤੱਕ ਪੱਤਰਕਾਰੀ ਦੀ ਸੇਵਾ ਕੀਤੀ ਹੈ ਤੇ ਪੱਤਰਕਾਰੀ ਦੇ ਖੇਤਰ ਵਿਚ ਉਨ੍ਹਾਂ ਨੂੰ ਬੜੇ ਨਿਧੜਕ ਪੱਤਰਕਾਰ ਮੰਨਿਆ ਜਾਂਦਾ ਸੀ।

ਉਨ੍ਹਾਂ ਨੇ ਆਪਣੇ ਪੱਤਰਕਾਰੀ ਜੀਵਨ ਦੀ ਸ਼ੁਰੂਆਤ ਖਬਰ ਏਜੰਸੀ ਪੀ. ਟੀ. ਆਈ. ਤੋਂ ਕੀਤੀ ਸੀ ਤੇ ਬਾਅਦ 'ਚ ਉਹ ਅੰਗਰੇਜ਼ੀ ਦੇ ਪ੍ਰਸਿੱਧ ਅਖਬਾਰ 'ਦ ਹਿੰਦੂ' 'ਚ ਰਿਪੋਰਟਰ ਵਜੋਂ ਕੰਮ ਕਰਦੇ ਰਹੇ। ਉਹ ਚੰਡੀਗੜ੍ਹ ਪ੍ਰੈਸ ਕਲੱਬ ਦੇ ਪ੍ਰਧਾਨ ਵੀ ਰਹੇ ਤੇ ਉਨ੍ਹਾਂ ਦੇ ਵਿਛੋੜੇ ਨਾਲ ਪੱਤਰਕਾਰੀ ਜਗਤ ਨੂੰ ਕਾਫੀ ਵੱਡਾ ਘਾਟਾ ਪਿਆ ਹੈ। ਇਸੇ ਤਰ੍ਹਾਂ ਗੁਰਪ੍ਰੀਤ ਸਿੰਘ ਲਾਡੀ ਨੇ ਵੀ ਕਈ ਦਹਾਕਿਆਂ ਤੱਕ ਪੰਜਾਬੀ ਪੱਤਰਕਾਰੀ ਦੀ ਸੇਵਾ ਕੀਤੀ ਹੈ। ਉਨ੍ਹਾਂ ਨੇ ਆਪਣੀ ਪੱਤਰਕਾਰੀ ਦੀ ਸ਼ੁਰੂਆਤ ਪੰਜਾਬੀ ਦੇ ਅਖਬਾਰ 'ਅਜੀਤ' ਦੇ ਨਿਊਜ਼ ਟੇਬਲ ਤੋਂ ਕੀਤੀ ਤੇ ਬਾਅਦ 'ਚ ਪੰਜਾਬੀ ਜਾਗਰਣ ਦੇ ਨਿਊਜ਼ ਟੇਬਲ 'ਤੇ ਵੀ ਕੰਮ ਕਰਦੇ ਰਹੇ। ਗੁਰਪ੍ਰੀਤ ਸਿੰਘ ਲਾਡੀ ਆਪਣੇ ਨਿਮਰ ਸੁਭਾਅ ਅਤੇ ਪੰਜਾਬੀ ਸਾਹਿਤ ਤੇ ਸੱਭਿਆਚਾਰ ਸਬੰਧੀ ਵਿਸ਼ੇਸ਼ ਜਾਣਕਾਰੀ ਲਈ ਜਾਣੇ ਜਾਂਦੇ ਸਨ। ਉਨ੍ਹਾਂ ਦੇ ਵਿਛੋੜੇ ਨਾਲ ਵੀ ਪੰਜਾਬੀ ਪੱਤਰਕਾਰੀ ਨੂੰ ਵੱਡਾ ਘਾਟਾ ਪਿਆ ਹੈ।

ਪੰਜਾਬ ਪ੍ਰੈਸ ਕਲੱਬ ਉਪਰੋਕਤ ਦੋਵੇਂ ਪੱਤਰਕਾਰਾਂ ਦੇ ਸਦੀਵੀ ਵਿਛੋੜੇ 'ਤੇ ਉਨ੍ਹਾਂ ਦੇ ਪਰਿਵਾਰਾਂ ਅਤੇ ਉਨ੍ਹਾਂ ਦੇ ਪ੍ਰਸ਼ੰਸ਼ਕਾਂ ਦੇ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ।

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਬ੍ਰਹਮਾਕੁਮਾਰੀਜ਼ ਪ੍ਰਭੂ ਉਪਹਾਰ ਭਵਨ, ਵਿਕਟੋਰੀਆ ਇਨਕਲੇਵ ਦਿੜ੍ਹਬਾ ਦੇ ਉਦਘਾਟਨ ਸਮਾਰੋਹ ਵਿੱਚ ਸ਼ਿਰਕਤ ਕਰਨਗੇ

ਸੁਨਾਮ, 4 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਬ੍ਰਹਮਾਕੁਮਾਰੀਜ਼ ਪ੍ਰਭੂ ਉਪਹਾਰ ਭਵਨ, ਵਿਕਟੋਰੀਆ ਐਨਕਲੇਵ ਦਿੜ੍ਹਬਾ 5 ਮਈ 2024 ਦਿਨ ਐਤਵਾਰ ਨੂੰ ਬ੍ਰਹਮਾਕੁਮਾਰੀਜ਼ ਦਿੜ੍ਹਬਾ (ਸੁਨਾਮ) ਵੱਲੋਂ ਉਦਘਾਟਨੀ ਸਮਾਰੋਹ ਕਰਵਾਇਆ ਜਾ ਰਿਹਾ ਹੈ। ਇਸ ਵਿਸ਼ਾਲ ਧਾਰਮਿਕ ਸਮਾਗਮ ਬਾਰੇ ਜਾਣਕਾਰੀ ਦਿੰਦਿਆਂ ਰਾਜਯੋਗਿਨੀ ਬ੍ਰਹਮਾਕੁਮਾਰੀ ਮੀਰਾ ਦੀਦੀ (ਸਰਕਲ ਇੰਚਾਰਜ ਸੁਨਾਮ) ਅਤੇ ਬੀਕੇ ਕੰਚਨ ਦੀਦੀ ਨੇ ਦੱਸਿਆ ਕਿ ਇਸ ਸਮਾਗਮ ਵਿਚ ਹਰਪਾਲ ਸਿੰਘ ਚੀਮਾ (ਵਿੱਤ ਮੰਤਰੀ ਪੰਜਾਬ ਸਰਕਾਰ), ਅਸ਼ੋਕ ਕੁਮਾਰ ਲੱਖਾ (ਪੰਜਾਬ ਗਊ ਸੇਵਾ ਕਮਿਸ਼ਨ ਪੰਜਾਬ), ਤਪਿੰਦਰ ਸਿੰਘ ਸੋਹੀ (ਓ.ਐਸ.ਡੀ. ਵਿੱਤ ਮੰਤਰੀ ਪੰਜਾਬ), ਪੰਕਜ ਬਾਂਸਲ ਜੀ (ਡਾਇਰੈਕਟਰ, ਵਿਕਟੋਰੀਆ ਐਨਕਲੇਵ ਐੱਮ.ਡੀ.ਬੀ. ਗਰੁੱਪ) ਮੁੱਖ ਮਹਿਮਾਨਾਂ ਵਜੋਂ ਸ਼ਾਮਲ ਹੋਣਗੇ, ਜਦਕਿ ਰਾਜਯੋਗਨੀ ਬ੍ਰਹਮਾ ਕੁਮਾਰੀ

ਪ੍ਰੇਮ ਦੀਦੀ (ਮੁਖੀ, ਪੰਜਾਬ ਜ਼ੋਨ ਸਰਕਲ), ਰਾਜਯੋਗਿਨੀ ਬ੍ਰਹਮਾਕੁਮਾਰੀ ਵਿਜੇ ਦੀਦੀ (ਡਾਇਰੈਕਟਰ, ਜੀਂਦ ਜ਼ੋਨ ਸਰਕਲ), ਰਾਜਯੋਗੀਨੀ ਬ੍ਰਹਮਾਕੁਮਾਰੀ ਸ਼ਾਂਤਾ ਦੀਦੀ (ਡਾਇਰੈਕਟਰ ਪਟਿਆਲਾ ਜ਼ੋਨ ਸਰਕਲ), ਰਾਜਯੋਗੀ ਬ੍ਰਹਮਾਕੁਮਾਰ ਵਿਜੇ ਜੀ (ਰੂਰਲ ਵਿੰਗ ਕੋਆਰਡੀਨੇਟਰ) ਆਸ਼ੀਰਵਾਦ ਵਚਨਾਂ ਲਈ ਮੰਚ 'ਤੇ ਮੌਜੂਦ ਰਹਿਣਗੇ। ਬੀਕੇ ਮੀਰਾ ਦੀਦੀ ਅਤੇ ਬੀਕੇ ਕੰਚਨ ਦੀਦੀ ਨੇ ਇਹ ਵੀ ਦੱਸਿਆ ਸਵੇਰੇ 9:00 ਵਜੇ ਉਦਘਾਟਨੀ ਸਮਾਰੋਹ, ਝੰਡਾ ਰਸਮ ਸਵੇਰੇ 9:30 ਵਜੇ ਤੋਂ ਬਾਅਦ ਪ੍ਰੋਗਰਾਮ ਸਵੇਰੇ 10:00 ਵਜੇ ਸ਼ੁਰੂ ਹੋਵੇਗਾ ਅਤੇ ਸਾਰਿਆਂ ਲਈ ਬ੍ਰਹਮਾ ਭੋਜਨ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਦੇ ਨਾਲ ਹੀ ਮਾਣਯੋਗ ਰਾਜਯੋਗੀ ਬ੍ਰਹਮਕੁਮਾਰ ਕਮਲ ਭਾਈ ਮਾਊਂਟ ਆਬੂ (ਮੋਟਿਵੇਸ਼ਨਲ ਸਪੀਕਰ, ਸਾਫਟਵੇਅਰ ਇੰਜੀਨੀਅਰ ਅਤੇ ਮਾਨਸਿਕ ਤੰਦਰੁਸਤੀ ਟ੍ਰੇਨਰ) ਦੀ ਅਗਵਾਈ 'ਚ ਸ਼ਾਮ 5 ਤੋਂ 6 ਵਜੇ ਅਤੇ ਸ਼ਾਮ 7:30 ਤੋਂ 8:30 ਤੱਕ ਵਜੇ ਖੁਸ਼ਹਾਲ ਅਤੇ ਸਿਹਤਮੰਦ ਜੀਵਨ ਜਿਊਣ ਦੀ ਕਲਾ ਵਿਸ਼ੇ 'ਤੇ 6, 7, 8 ਮਈ 2024 ਨੂੰ ਤਿੰਨ ਰੋਜ਼ਾ ਰਾਜਯੋਗਾ ਕੈਂਪ ਲਗਾਇਆ ਜਾਵੇਗਾ। ਬੀਕੇ ਮੀਰਾ ਦੀਦੀ ਅਤੇ ਬੀਕੇ ਕੰਚਨ ਦੀਦੀ ਨੇ ਇਲਾਕਾ ਨਿਵਾਸੀਆਂ ਨੂੰ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੰਦਿਆਂ ਪਰਿਵਾਰਾਂ ਸਮੇਤ ਸ਼ਿਰਕਤ ਕਰਨ ਦੀ ਅਪੀਲ ਕੀਤੀ।

ਪੈਚਵਰਕ ਤੋ ਬਾਅਦ ਮੁੱਖ ਸੜਕ ਦੀ ਹਾਲਤ ਹੋਈ ਬਦ ਤੋ ਬਦਤਰ

ਚੰਡੀਗੜ੍ਹ ਅੰਬਾਲਾ ਮੁੱਖ ਸੜਕ ਤੇ ਡੇਰਾਬੱਸੀ ਬੱਸ ਸਟੈਂਡ ਨੇੜੇ ਸੜਕ ਤੇ ਲਾਏ ਪੈਚ ਵਰਕ ਨੇੜੇ ਖਿੱਲਰੀ ਬਜਰੀ।

ਡੇਰਾ ਬਸੀ, 4 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਠੀਕ ਕਰਨ ਦੀ ਮੰਗ ਕਰ ਰਹੇ ਸਨ। ਪਿੱਛਲੇ 4-50ਦਿਨਾਂ ਤੋਂ ਸੜਕ ਤੇ ਪੈਚ ਵਰਕ ਦਾ ਕੰਮ ਕਰ ਟੋਏ ਭਰ ਦਿੱਤੇ ਗਏ ਅਤੇ ਸੜਕ ਦੀ ਹਾਲਤ ਠੀਕ ਕਰ ਦਿੱਤੀ ਗਈ। ਦੋ ਦਿਨਾਂ ਵਿੱਚ ਹੀ ਹਾਲਤ ਬਦ ਤੋ ਬਦਤਰ ਹੋ ਗਈ। ਪੈਚ ਵਰਕ ਲਈ ਵਰਤੇ ਮਟੀਰੀਅਲ ਵਿੱਚੋ ਬਜਰੀ ਵੱਖ ਹੋ ਕੇ ਸੜਕ ਤੇ ਖਿਲਰ ਗਈ। ਸੜਕ ਤੇ ਖਿੱਲਰੀ ਬਜਰੀ ਕਰਕੇ ਹਾਦਸੇ ਦਾ ਡਰ ਹੋਰ ਵੱਧ ਗਿਆ। ਲੋਕਾਂ ਨੇ ਰੋਸ਼ ਪ੍ਰਗਟ ਕਰਦੇ ਕਿਹਾ ਕਿ ਪਹਿਲਾ ਟੋਏ ਕਿਸੇ ਕਿਸੇ ਥਾਂ ਤੇ ਹੁੰਦੇ ਸਨ ਤੇ ਵਾਹਨ ਬਚਾ ਕੇ ਕਢ ਲਿਆ ਜਾਂਦਾ ਸੀ। ਹੁਣ ਹਰ ਪਾਸੇ ਬਜਰੀ ਖਿੱਲਰੀ ਹੋਣ ਕਰਕੇ ਦੋ ਪਹਿਆ ਵਾਹਨ ਚਾਲਕ ਹਾਦਸੇ ਦਾ ਸ਼ਿਕਾਰ ਹੋ ਰਹੇ ਹਨ। ਖਿੱਲਰੀ ਬਜਰੀ ਕਰਕੇ ਵਾਹਨ ਸਲਿਪ ਕਰ ਰਹੇ ਹਨ। ਮੁੱਖ ਸੜਕ ਤੇ ਸਾਰਾ ਦਿਨ ਵਾਹਨਾਂ ਦੀ ਆਵਾਜਾਈ ਲਗੀ ਰਹਿੰਦੀ ਹੈ ਅਤੇ ਸੜਕ ਤੇ ਖਿੱਲਰੀ ਬਜਰੀ ਕਰਕੇ ਸੜਕ ਦੀ ਹਾਲਤ ਅੱਗੇ ਨਾਲੋਂ ਜ਼ਿਆਦਾ ਖ਼ਰਾਬ ਹੋ ਗਈ। ਲੋਕਾਂ ਨੇ ਰੋਸ਼ ਪ੍ਰਗਟ ਕਰਦੇ ਕਿਹਾ ਕਿ ਬੱਸ ਸਟੈਂਡ ਤੋਂ ਲੈਕੇ ਡੇਰਾਬੱਸੀ ਪੁਲਿਸ ਥਾਣੇ ਅਤੇ ਬਰਵਾਲਾ ਸੜਕ ਤੱਕ ਇਹੀ ਹਾਲ ਹੋਇਆ ਪਿਆ ਹੈ।

ਇਸੇ ਥਾਂ ਤੋ ਪ੍ਰਸਾਸ਼ਨਿਕ ਅਧਿਕਾਰੀ ਨਿਕਲ ਕੇ ਆਉਂਦੇ ਜਾਂਦੇ ਹਨ, ਲੇਕਿਨ ਕਿਸੇ ਵਲੋ ਇਸ ਪਾਸੇ ਧਿਆਨ ਨਹੀਂ ਦਿੱਤਾ। ਸ਼ਹਿਰ ਵਾਸੀਆ ਨੇ ਸੜਕ ਦੀ ਹਾਲਤ ਠੀਕ ਕਰਨ ਅਤੇ ਖਿੱਲਰੀ ਬਜਰੀ ਦੀ ਸਫਾਈ ਕਰਵਾਉਣ ਦੀ ਮੰਗ ਕੀਤੀ ਹੈ।

ਗ੍ਰੀਨ ਫੀਲਡ ਐਕਸਪ੍ਰੈਸ ਹਾਈਵੇ ਐਨ ਐਚ 205 ਏ ਲਈ ਐਕਵਾਇਰ ਕੀਤੀ ਜਮੀਨ ਸਬੰਧੀ ਅਧਿਕਾਰੀਆਂ ਨੇ ਜਾਣਿਆ ਲੋਕਾਂ ਦੀਆਂ ਮੁਸ਼ਕਿਲਾਂ

ਡੇਰਾ ਬਸੀ, 4 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਡੇਰਾਬਸੀ ਬਲਾਕ ਦੇ 11 ਪਿੰਡਾਂ ਦੀ ਗ੍ਰੀਨ ਫੀਲਡ ਐਕਸਪ੍ਰੈਸ ਹਾਈਵੇ ਐਨ ਐਚ 205 ਏ ਲਈ ਐਕਵਾਇਰ ਕੀਤੀ ਜਮੀਨ ਸਬੰਧੀ ਮੁਸ਼ਕਿਲਾਂ ਜਾਨਣ ਲਈ ਅੱਜ ਡੀਆਰਓ ਮੁਹਾਲੀ ਸ, ਹਰਮਿੰਦਰ ਸਿੰਘ ਹੁੰਦਲ ਅਤੇ ਐਨਐਚਆਈ ਦੇ ਅਧਿਕਾਰੀ ਸਾਇਟ ਇੰਜੀਨੀਅਰ ਸ੍ਰੀ ਅਭਿਮਨਯੂ ਮਲਿਕ ਨੇਕਿਸਾਨਾਂ ਨਾਲ ਗੱਲਬਾਤ ਕੀਤੀ ਇਹ ਇਕੱਠ ਪਿੰਡ ਕਾਰਕੋਰ ਦੇ ਗੁਰਦਵਾਰਾ ਸਾਹਿਬ ਵਿਖੇ ਕੀਤਾ ਗਿਆ। ਮੌਕੇ ਤੇ ਪਹੁੰਚੇ ਅਧਿਕਾਰੀਆ ਨੇ ਉਨਾਂ ਦੀ ਮੁਸ਼ਕਿਲਾਂ ਸੁਣਕੇ ਹੱਲ ਕਰਨਾ ਦਾ ਭਰੋਸਾ ਦਿੱਤਾ।

ਪਿੰਡ ਕਾਰਕੋਰ ਦੇ ਗੁਰਦੁਆਰਾ ਸਾਹਿਬ ਵਿਖੇ ਰੋਡ ਸੰਘਰਸ਼ ਕਮੇਟੀ ਦੇ ਪ੍ਰਧਾਨ ਬਲਜਿੰਦਰ ਸਿੰਘ ਸੇਖਪੁਰ ਕਲਾਂ ਦੀ ਅਗਵਾਈ ਹੇਠ ਇਕੱਠੇ ਹੋਏ ਪਿੰਡਾਂ ਅਮਲਾਲਾ, ਕਾਰਕੋਰ, ਬਰੋਲੀ, ਸ਼ੇਖਪੁਰਾ, ਮਹਿਮਦਪੁਰ, ਪਰਾਗਪੁਰ, ਮੁਕੰਦਪੁਰ, ਫਤਹਿਪੁਰ, ਇਬਰਾਮਹੀਮਪੁਰ, ਬਾਕਰਪੁਰ ਆਦਿ 11 ਪਿੰਡਾਂ ਦੇ ਇਕੱਠੇ ਹੋਏ ਕਿਸਾਨਾਂ ਸ਼ਮਸੇਰ ਸਿੰਘ ਬਰੋਲੀ, ਪਰਦੀਪ ਸਿੰਘ ਰਾਜੋਮਾਜਰਾ, ਰਤਨ ਸਿੰਘ ਅਮਲਾਲਾ, ਅਵਤਾਰ ਸਿੰਘ ਮਨੌਲੀ ਸੂਰਤ, ਮਨਜੀਤ ਸਿੰਘ, ਜਸਪਾਲ ਸਿੰਘ ਆਦਿ ਨੇ ਦੱਸਿਆ ਕਿ ਇਹ ਸਮੁੱਚੇ ਪਿੰਡ ਘੱਗਰ ਦੀ ਮਾਰ ਹੇਠ

ਪਿੰਡ ਕਾਰਕੋਰ ਵਿਖੇ ਪ੍ਰਸ਼ਾਸਨਿਕ ਤੇ ਐਨਐਚਆਈ ਦੇ ਅਧਿਕਾਰੀਆਂ ਨੂੰ ਜਾਣਕਾਰੀ ਦਿੰਦੇ ਹੋਏ ਪ੍ਰਭਾਵਿਤ ਕਿਸਾਨ।

ਹਨ। ਜਿਨਾਂ ਲਈ ਪਾਣੀ ਦੇ ਢੁੱਕਵੇਂ ਨਿਕਾਸ ਲਈ ਡਰੇਨਜ਼ ਤੇ ਕੁਦਰਤੀ ਵਹਾਅ ਵਾਲੀ ਥਾਵਾਂ ਤੇ ਵੱਡੀਆਂ ਪੁਲੀਆਂ ਬਨਾਉਣ, ਸੜਕ ਦੀ ਉਚਾਈ ਜਿਆਦਾ ਹੋਣ ਕਾਰਨ ਉਪਰ ਚੜਨ ਤੇ ਉਤਰਣ ਲਈ ਕਿਸੇ ਉੱਚਿਤ ਥਾਂ ਤੇ ਰਸਤਾ ਬਨਾਉਣ, ਦੋਵੇਂ ਪਾਸੇ ਸਰਵਿਸ ਰੋਡ, ਮਿਸ ਹੋਏ ਨੰਬਰਾਂ ਦਾ ਅਵਾਰਡ ਬਨਾਉਣ, ਖੇਤਾਂ ਨੂੰ ਲੱਗਦੇ ਰਸਤੇ ਅਬਾਦੀ ਦੇਹ ਦੇ ਬਰਾਬਰ ਅਵਾਰਡ ਬਨਾਉਣ, ਦਰੱਖਤਾਂ, ਟਿਊਬਵੈੱਲਾਂ, ਕੋਠਿਆਂ, ਪਾਇਪਲਾਇਨ ਆਦਿ ਦੇ ਅਵਾਰਡ ਛੇਤੀ ਬਨਾਉਣ, ਕਿਸਾਨਾਂ ਨੂੰ ਤਹਿ ਹੋਇਆ ਮੁਆਵਜਾ ਤੁਰੰਤ ਤਕਸੀਮ ਕਰਨ ਆਦਿ ਆਪਣੀ ਮੁਸ਼ਕਿਲਾਂ ਬਾਰੇ ਜਾਣੂ ਕਰਾਇਆ ਗਿਆ। ਕਿਸਾਨਾਂ ਨੇ ਇੱਕ ਸੁਰ ਵਿੱਚ ਕਿਹਾ ਕਿ ਜੇ ਉਨਾਂ ਨਾਲ ਧੱਕਾ ਹੋਇਆ ਜਾਂ ਉਨਾਂ ਦੀ ਮੰਗਾਂ ਨੂੰ ਵਿਸਾਰਿਆ ਗਿਆ, ਉਹ ਸੰਘਰਸ਼ ਕਰਨ ਲਈ ਮਜਬੂਰ ਹੋਣਗੇ ਤੇ ਸੜਕ ਦਾ ਕੰਮ ਸ਼ੁਰੂ ਨਹੀ ਹੋਣ ਦੇਣਗੇ।

ਕਿਸਾਨਾਂ ਦੇ ਇਕੱਠ ਵਿੱਚ ਪੁੱਜੇ ਡੀਆਰਓ ਮੁਹਾਲੀ ਹਰਮਿੰਦਰ ਸਿੰਘ ਹੁੰਦਲ, ਐਨਐਚਆਈ ਦੇ ਪਾਲਨਿੰਗ ਇੰਜਨੀਅਰ ਗਰਵਿੱਤ ਸ਼ਰਮਾਂ, ਅਭਿਮੰਨਿਓ ਤੇ ਗੁਰਪ੍ਰੀਤ ਸਿੰਘ ਨੇ ਕਿਸਾਨਾਂ ਦੀ ਮੁਸ਼ਕਿਲਾਂ ਨੂੰ ਦਰਜ ਕੀਤਾ ਗਿਆ ਅਤੇ ਐਨਐਚਆਈ ਦੇ ਉੱਚ ਅਧਿਕਾਰੀਆਂ ਨਾਲ ਵਿਚਾਰ ਕੇ ਹੱਲ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਨਰਿੰਦਰ ਸਿੰਘ ਅਮਲਾਲਾ, ਭਾਗਾ ਸਿੰਘ ਮਹਿਮਦਪੁਰ, ਸੁਖਵਿੰਦਰ ਸਿੰਘ ਫਤਹਿਪੁਰ ਗੁਰਸੇਵਕ ਸਿੰਘ ਕਾਰਕੋਰ ਰਾਮ ਸਿੰਘ, ਸਮਸ਼ੇਰ ਸਿੰਘ ਬਰੋਲੀ ਆਦਿ ਵੱਡੀ ਗਿਣਤੀ ਚ ਇਲਾਕੇ ਦੇ ਕਿਸਾਨ ਹਾਜਰ ਸਨ।

ਨਗਰ ਕੌਂਸਲ ਦੇ ਕਰਮਚਾਰੀਆਂ ਵੱਲੋਂ ਛੱਤ ਪਿੰਡ 'ਚ ਕੀਤੀ ਕੁੱਟਮਾਰ ਅਤੇ ਭੰਨਤੋੜ ਖ਼ਿਲਾਫ਼ ਦਿੱਤਾ ਧਰਨਾ

ਨਗਰ ਕੌਂਸਲ ਦੇ ਕਰਮਚਾਰੀ ਰੋਸ਼ ਧਰਨਾ ਦਿੰਦੇ ਹੋਏ

ਜ਼ੀਰਕਪੁਰ, 4 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸਥਾਨਕ ਪਿੰਡ ਛੱਤ ਵਿਖੇ ਸ਼ਨੀਵਾਰ ਨੂੰ ਮੁਸਲਿਮ ਭਾਈਚਾਰੇ ਵਲੋਂ ਕਬਰਿਸਤਾਨ ਦੇ ਨਾਲ ਲਗਦੀ ਪਿੰਡ ਦੀ 6 ਵਿੱ

ਅਸਹਿ ਤੇ ਅਕਹਿ ਪੀੜ

ਪਰਮਜੀਤ ਕੌਰ ਸਰਹਿੰਦ
98728-98599

ਪੀੜ ਤਨ ਦੀ ਸਹਿਣੀ ਬੜੀ ਔਖੀ ਹੁੰਦੀ ਹੈ ਤੇ ਮਨ ਦੀ ਵੀ। ਤਨ ਦੀ ਪੀੜ ਨੂੰ ਦਰਦ ਨਿਵਾਰਕ ਦਵਾਈਆਂ ਨਾਲ ਦੂਰ ਕੀਤਾ ਜਾ ਸਕਦਾ ਹੈ ਜਾਂ ਥੋੜ੍ਹੀ-ਬਹੁਤੀ ਦੇਰ ਲਈ ਸੁਆਇਆ ਜਾ ਸਕਦਾ ਹੈ ਪਰ ਮਨ ਦੀ ਪੀੜ ਅਸਹਿ ਹੋਣ ਦੇ ਨਾਲ ਅਕਹਿ ਵੀ ਹੁੰਦੀ ਹੈ। ਇਸ ਪੀੜ ਦਾ ਦਾਰੂ ਵੱਡੇ-ਵੱਡੇ ਵੈਦ-ਹਕੀਮਾਂ ਕੋਲ ਵੀ ਨਹੀਂ ਹੁੰਦਾ। ਕਈ ਵਾਰ ਇਹ ਮਰਜ਼ ਉਨ੍ਹਾਂ ਨੂੰ ਲੱਭਦੀ ਹੀ ਨਹੀਂ। ਮਨ ਦੀ ਪੀੜ ਬਾਰੇ ਗੁਰਬਾਣੀ ਵੀ ਇਹ ਕਹਿੰਦੀ ਹੈ :

ਵੈਦ ਬੁਲਾਇਆ ਵੈਦਗੀ ਪਕੜਿ ਢੀਢੋਲੇ ਬਾਹ॥
ਭੋਲਾ ਵੇਦੁ ਨ ਜਾਣਇ ਕਰਕ ਕਲੇਜੇ ਮਾਹਿ॥

ਸੰਵੇਦਨਸ਼ੀਲ ਮਨੁੱਖ

ਕਿਸੇ ਸੰਵੇਦਨਸ਼ੀਲ ਮਨੁੱਖ 'ਤੇ ਮਨ ਦੀ ਪੀੜ ਬਹੁਤ ਮਾਰੂ ਅਸਰ ਕਰਦੀ ਹੈ। ਇਸ ਪੀੜ ਨਾਲ ਮਨੁੱਖ ਕਈ ਵਾਰ ਨੀਮ ਪਾਗ਼ਲ ਵੀ ਹੋ ਜਾਂਦੈ। ਇਹ ਕਿਸੇ ਨੂੰ ਕਿਸੇ ਅਸਧਾਰਨ ਰੋਗ ਦਾ ਰੋਗੀ ਵੀ ਬਣਾ ਦਿੰਦੀ ਹੈ। ਇਹੋ ਮਨ ਦੀ ਪੀੜ ਦਿਮਾਗ਼ ਦੀ ਨਾੜੀ ਫੱਟਣ (ਬਰੇਨ ਹੈਮਰੇਜ) ਜਾਂ ਦਿਲ ਦਾ ਦੌਰਾ ਪੈਣ (ਹਾਰਟ ਅਟੈਕ) ਦਾ ਕਾਰਨ ਵੀ ਹੋ ਨਿਬੜਦੀ ਹੈ। ਇਸ ਪੀੜ ਹੱਥੋਂ ਹਾਰਿਆ ਮਨੁੱਖ ਕਈ ਵਾਰ ਖ਼ੁਦਕਸ਼ੀ ਵੀ ਕਰ ਲੈਂਦਾ ਹੈ। ਬੇਸ਼ੱਕ ਮਨ ਦੀ ਪੀੜ ਮਰਦ ਜਾਂ ਔਰਤ ਕਿਸੇ ਨੂੰ ਵੀ ਸਹਿਣੀ ਪੈ ਸਕਦੀ ਹੈ ਪਰ ਇਹ ਗਲ ਬਹੁਤ ਮਹੱਤਵਪੂਰਨ ਹੈ ਕਿ ਮਨ ਦੀਆਂ ਬਹੁਤੀਆਂ ਪੀੜਾਂ ਔਰਤ ਦੇ ਹਿੱਸੇ ਹੀ ਆਈਆਂ ਨੇ। ਖ਼ਾਸ ਕਰ ਵਿਧਵਾ, ਬਾਂਝ ਤੇ ਮਤਰੇਈ ਮਾਂ ਅਖਵਾਉਣ ਦੀ ਪੀੜ ਅਤੇ ਇਹ ਸਭ ਸਹਿਣ ਦੀ ਪੀੜ! ਕਿਸੇ ਔਰਤ ਲਈ ਬਾਂਝ ਅਖਵਾਉਣਾ ਤੇ ਬਾਂਝਪਣ ਦੇ ਦੁੱਖ ਤੋਂ ਵੀ ਜ਼ਿਆਦਾ ਪੀੜ ਭਰਿਆ ਹੁੰਦੈ ਜਦ ਇਸ ਦੇ ਲਈ ਮਰਦ ਜ਼ਿੰਮੇਵਾਰ ਹੁੰਦਾ ਹੈ।

ਯਾਦ ਦੀ ਪੀੜ

ਕਈ ਵਾਰ ਮਾਪੇ ਸਹੁਰੇ ਦੁਬਾਰਾ ਉਸ ਨੂੰ ਨਵੀਂ ਜ਼ਿੰਦਗੀ ਦੇ ਰਾਹ 'ਤੇ ਤੋਰ ਵੀ ਦਿੰਦੇ ਹਨ ਪਰ ਅਤੀਤ ਦੀ ਪੀੜ ਉਸ ਦੇ ਧੁਰ ਅੰਦਰ ਸਮਾਈ ਰਹਿੰਦੀ ਹੈ। ਵਿਛੜੇ ਸੱਜਣ ਦੀ ਯਾਦ ਦੀ ਪੀੜ, ਜਿਸ ਨਾਲ ਉਸ ਨੇ ਜ਼ਿੰਦਗੀ ਦੇ ਕੁਝ ਰੰਗਲੇ ਪਲ ਗੁਜ਼ਾਰੇ ਹੁੰਦੇ ਨੇ, ਉਸ ਨੂੰ ਤੜਪਾ-ਤੜਪਾ ਜਾਂਦੀ ਹੈ। ਡਾ. ਦਲੀਪ ਕੌਰ ਟਿਵਾਣਾ ਦੇ ਨਾਵਲ 'ਇਹੋ ਹਮਾਰਾ ਜੀਵਣਾ' ਦੀ ਨਾਇਕਾ 'ਭਾਨੋ' ਇਹ ਪੀੜ ਸਹਿੰਦੀ ਹੰਢਾਉਂਦੀ ਮੈਨੂੰ ਕਦੇ ਨਹੀ ਭੁੱਲਦੀ।

ਕਈ ਵਾਰ ਕਿਸੇ ਅਭਾਗੀ ਨੇ ਦੋ-ਚਾਰ ਵਰ੍ਹੇ ਹੀ ਆਪਣੇ ਰੰਗਲੇ ਸੱਜਣ ਨਾਲ ਗੁਜ਼ਾਰੇ ਹੁੰਦੇ ਨੇ, ਫੁੱਲਾਂ ਵਰਗੇ ਬੱਚੇ ਵੀ ਰੱਬ ਨੇ ਝੋਲੀ ਪਾਏ ਹੁੰਦੇ ਨੇ ਪਰ ਸਭ ਖ਼ੁਸ਼ੀਆਂ ਲੁੱਟ ਜਾਂਦੀਆਂ ਨੇ, ਜਦੋਂ ਪਤੀ ਕਿਸੇ ਬਿਮਾਰੀ ਜਾਂ ਹਾਦਸੇ ਕਾਰਨ ਸਦਾ ਲਈ ਤੁਰ ਜਾਂਦਾ ਹੈ। ਹੋਰ ਵੀ ਕਹਿਰ ਤਾਰ-ਤਾਰ ਹੋਏ ਰੰਗਲੇ ਸਾਲੂ ਵਾਲੀ ਤੇ ਉਦੋਂ ਵਰਤਦਾ ਹੈ, ਜਦੋਂ ਉਹ ਵਿਛੜ ਸੱਜਣੇ ਦੇ ਬੱਚੇ ਨੂੰ ਜਨਮ ਬਾਅਦ 'ਚ ਦਿੰਦੀ ਹੈ। ਜ਼ਿੰਦਗੀ ਦੇ ਉਹ ਪਲ ਉਹ ਅਭਾਗੀ ਕਿਵੇਂ ਗੁਜ਼ਾਰਦੀ ਹੈ?

ਕੁਰਬਾਨੀ

ਸਭ ਤੋਂ ਵੱਡੀ ਸੱਟ ਕਈ ਵਾਰ ਹੋਣੀ ਹੋਰ ਮਾਰਦੀ ਹੈ, ਜਦੋਂ ਉਹ ਔਲਾਦ ਜਵਾਨ ਹੋ ਕੇ ਮਾਂ ਦੀ ਕੀਤੀ ਕੁਰਬਾਨੀ ਜਾਂ ਰੋਲ਼ੀ ਜਵਾਨੀ ਨੂੰ ਭੁੱਲ ਜਾਂਦੀ ਹੈ, ਉਸ ਤੋਂ ਬੇਮੁੱਖ ਜਾਂ ਬਾਹਰੀ ਹੋ ਜਾਂਦੀ ਹੈ। ਇਹ ਪੀੜ ਉਹ ਕਿਵੇਂ ਜ਼ਰਦੀ ਹੈ, ਉਹ ਔਰਤ ਹੀ ਜਾਣਦੀ ਹੈ। ਅਜਿਹੀ ਦਸ਼ਾ ਬੇਸ਼ਕ ਮਰਦ ਦੀ ਵੀ ਹੁੰਦੀ ਹੈ, ਜਦੋਂ ਭਰੀ ਜਵਾਨੀ 'ਚ ਕਿਸੇ ਦੀ ਪਤਨੀ ਜਗ ਤੋਂ ਤੁਰ ਜਾਂਦੀ ਹੈ। ਉਹ ਵੀ ਇਹ ਪੀੜ ਹੰਢਾਉਂਦਾ ਹੈ ਪਰ ਕਿਸੇ ਔਰਤ ਨਾਲੋਂ ਬਹੁਤ ਘੱਟ ਕਿਉਂਕਿ ਉਸ ਨੂੰ ਉਹ ਸਮੱਸਿਆਵਾਂ ਦਰਪੇਸ਼ ਨਹੀਂ ਆਉਂਦੀਆਂ, ਜੋ ਇਕ ਔਰਤ ਨੂੰ ਆਉਂਦੀਆਂ ਨੇ। ਉਸ 'ਤੇ ਸਮਾਜ ਵੱਲੋਂ ਬੰਧਨ ਨਹੀਂ ਹੁੰਦੇ, ਕੋਈ ਨੁਕਤਾਚੀਨੀਆਂ ਨਹੀਂ ਹੁੰਦੀਆਂ। ਆਮ ਤੌਰ 'ਤੇ ਮਰਦ ਦੂਜਾ ਵਿਆਹ ਕਰਵਾ ਲੈਂਦਾ ਹੈ, ਬੱਚੇ ਹੋਣ ਤਾਂ ਵੀ, ਨਾ ਹੋਣ ਤਾਂ ਵੀ। ਇਸ ਤਰ੍ਹਾਂ ਉਹ ਆਪਣੀ ਨਵੀਂ ਦੁਨੀਆ 'ਚ ਪਰਚ ਜਾਂਦਾ ਹੈ। ਇਸ ਹਾਲਤ 'ਚ ਵੀ ਪੀੜ ਔਰਤ ਦੇ ਹਿੱਸੇ ਹੀ ਆਉਂਦੀ ਹੈ।

ਨਕਾਰਾਤਮਿਕ ਸੋਚ

ਦੁੱਖ ਭੋਗ ਰਹੀਆਂ ਅਜਿਹੀਆਂ ਨੂੰਹਾਂ ਧੀਆਂ ਦੇ ਜੰਮਣ ਸਹੇੜਨ ਵਾਲੀਆਂ ਜਿੰਦਾ ਵੀ ਸੌਖੀਆਂ ਨਹੀਂ ਹੁੰਦੀਆਂ। ਕਿਸੇ ਅਜਿਹੇ ਸੱਜਣ ਨਾਲ ਮੇਰੀ ਫੋਨ 'ਤੇ ਗੱਲ ਹੋਈ, ਜੋ ਹਮੇਸ਼ਾ ਚੜ੍ਹਦੀ ਕਲਾ 'ਚ ਰਹਿਣ ਵਾਲਾ ਤੇ ਦਲੇਰ ਜਾਪਦਾ ਸੀ ਪਰ ਇਸ ਵਿਸ਼ੇ 'ਤੇ ਗੱਲ ਤਾਂ ਪਤਾ ਲੱਗਾ ਕਿ ਉਸ ਦੀ ਜਵਾਨ ਧੀ ਦਾ ਪਤੀ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ ਅਤੇ ਉਹ ਦਲੇਰ ਬੰਦਾ, ਇਕ ਦੁਖੀਆ ਪਿਓ ਗੱਲ ਕਰਦਿਆ ਰੋ ਪਿਆ ਸੀ। ਮੈਂ ਮਰਦ ਬਹੁਤ ਘੱਟ ਰੋਂਦਾ ਦੇਖਿਆ ਸੁਣਿਆ ਹੈ। ਸੋ ਇਹ ਪੀੜ ਮਰਦ ਨੂੰ ਵੀ ਰੁਆ ਦੇਣ ਵਾਲੀ ਹੈ। ਅਜਿਹੀ ਧੀ ਭੈਣ ਨੂੰ ਵਹਿਮਾਂ- ਭਰਮਾਂ ਦੇ ਮਾਰੇ ਲੋਕ ਟੇਢੀ ਅੱਖ ਨਾਲ ਤੱਕ ਦੇ ਹਨ। ਉਸ ਦੇ ਕਿਸੇ ਸ਼ਗਨ ਮਹੂਰਤ 'ਚ ਸ਼ਾਮਲ ਹੋਣ ਜਾਂ ਸਾਹਮਣੇ ਹੋਣ ਨੂੰ ਅਸ਼ੁੱਭ ਮੰਨਦੇ ਨੇ। ਬੇਸ਼ੱਕ ਇਹ ਨਿਰਾਰਥ ਤੇ ਬਹੁਤ ਨਕਾਰਾਤਮਿਤ ਸੋਚ ਹੈ ਅਜਿਹੀ ਸਥਿਤੀ 'ਚ ਉਸ ਔਰਤ, ਮੁਟਿਆਰ ਜਾਂ ਉਸ ਦੇ ਮਾਪੇ ਸਹੁਰਿਆ ਦੇ ਮਨਾਂ 'ਤੇ ਕੀ ਬੀਤਦੀ ਹੈ, ਇਹ ਉਹੀ ਜਾਣਦੇ ਨੇ।

ਵਿਧਵਾ ਲਫ਼ਜ਼

ਕਿਸੇ ਕਰਮਾਂ ਮਾਰੀ ਲਈ ਜਦੋਂ ਕੋਈ ਕਮ ਅਕਲ, ਰੰਡੀ ਜਾਂ ਵਿਧਵਾ ਲਫ਼ਜ਼ ਵਰਤਦਾ ਹੈ ਤਾਂ ਉਹ ਲਫਜ਼ ਉਸ ਦੇ ਆਪਣੇ ਮਨ 'ਚ ਅਤੇ ਉਸ ਦੇ ਮਾਪੇ ਸਹੁਰਿਆਂ ਦੇ ਮਨ 'ਚ ਲੱਖਾਂ ਸੂਈਆਂ ਬਣ ਕੇ ਪੁੜ ਜਾਂਦੇ ਨੇ। ਇਹ ਪੀੜ ਹਰ ਵੇਲੇ ਸੂਲੀ 'ਤੇ ਚੜ੍ਹਨ ਵਰਗੀ ਜਾਂ ਹਰ ਵੇਲੇ ਨੰਗੇ ਪੈਰੀ ਸੂਲਾਂ 'ਤੇ ਤੁਰਨ ਵਰਗੀ ਹੁੰਦੀ ਹੈ। ਜਦੋਂ ਕਿਸੇ ਮੁਟਿਆਰ ਦੀ ਖਾਣ-ਪਹਿਨਣ ਦੀ ਉਮਰ 'ਚ ਪਰਮਾਤਮਾ ਉਸ ਨੂੰ ਚਿੱਟੀ ਚੁੰਨੀ ਦੀ ਜੂਨ 'ਚ ਪਾ ਦਿੰਦਾ ਹੈ, ਇਹ ਕਹਿਰ ਝੱਲਣਾ ਸੌਖਾ ਨਹੀਂ। ਅਜੇ ਉਸ ਨੇ ਚਾਵਾਂ ਨਾਲ ਬਣਾਏ ਕੱਪੜੇ ਗਹਿਣੇ ਹੰਢਾਏ ਵੀ ਨਹੀਂ ਹੁੰਦੇ, ਤਨ ਨੂੰ ਛੁਹਾਏ ਵੀ ਨਹੀਂ ਕਿ ਉਹ ਉਸ ਲਈ ਵਰਜਿਤ ਜਿਹੇ ਹੋ ਜਾਂਦੇ ਨੇ। ਉਸ ਦੇ ਕਿਧਰੇ ਆਉਣ ਜਾਣ 'ਤੇ ਵੀ ਜਿਵੇਂ ਸਮਾਜ ਵੱਲੋਂ ਪਾਬੰਦੀਆਂ ਲੱਗ ਜਾਂਦੀਆ ਹਨ। ਦਕੀਆਨੂਸੀ ਰਿਵਾਜ ਕੰਡਿਆਲੀ ਥੋਰ੍ਹ ਵਾਂਗ ਉਸ ਦੇ ਦੁਆਲੇ ਉੱਗ ਖਲੋਂਦੇ ਨੇ। ਅਜਿਹੀ ਪੀੜ ਹੰਢਾਉਂਦੀ, ਜਦੋਂ ਉਹ ਆਪਣੇ ਰੰਗਲੇ ਸੱਜਣ ਨਾਲ ਰੰਗਲੀ ਰੁੱਤੇ ਆਪਣੇ ਸਿਰ 'ਤੇ ਸੂਹਾ ਰੰਗਲਾ ਸਾਲੂ ਲੈ ਕੇ ਖਿਚਾਈ ਤਸਵੀਰ ਦੇਖਦੀ ਅੱਥਰੂ ਵਹਾਉਂਦੀ ਹੈ, ਉਨ੍ਹਾਂ ਅੱਥਰੂਆਂ ਨੂੰ ਹੀ ਸ਼ਾਇਦ ਖ਼ੂਨ ਦੇ ਅੱਥਰੂ ਕਹੀ ਦੈ! ਅਜਿਹੇ ਮੌਕੇ ਉਸ ਦੀ ਦੁਖੀ ਰੂਹ ਪੀੜ ਨਾਲ ਵਿਲਕਦੀ ਕਹਿੰਦੀ ਹੈ :

ਦਿਨ ਲੁੱਟ ਗਏ ਬਹਾਰਾਂ ਦੇ
ਚੰਨਾ ਮੇਰਾ ਦੁੱਖ ਸੁਣ ਕੇ
ਰੋਂਦੇ ਪੱਥਰ ਪਹਾੜਾਂ ਦੇ।
ਪਾਣੀ ਸੁੱਕ ਗਿਆ ਨਹਿਰ ਵਿੱਚੋਂ,
ਚੰਨਾ ਵੇ ਮੈਂ ਉੱਜੜ ਗਈ
ਤੇਰੇ ਵਸਦੇ ਸ਼ਹਿਰ ਵਿੱਚੋਂ।

ਇਹ ਪੀੜ ਸੱਚ-ਮੁੱਚ ਪੱਥਰਾਂ ਨੂੰ ਰੁਆ ਦੇਣ ਦੇ ਸਮਰੱਥ ਹੈ।

ਨਕਾਬਪੋਸ਼

ਹੋਣੀ ਦਾ ਸ਼ਿਕਾਰ, ਖ਼ਾਸ ਕਰ ਜਵਾਨ ਔਰਤ ਨੂੰ ਕਈ ਵਾਰੀ ਰੂਪ ਦੇ ਸ਼ਿਕਾਰੀ ਹਮਦਰਦੀ ਦਾ ਨਾਕਾਬ ਪਹਿਨ ਕੇ ਵਰਗਲਾਉਣ ਦੀ ਕੋਸ਼ਿਸ਼ ਵੀ ਕਰਦੇ ਨੇ। ਅਜਿਹੀ ਔਰਤ ਨੂੰ ਜਿਹੜੀ ਇਕੱਲੀ ਰਹਿੰਦੀ ਹੋਵੇ, ਉਸ ਨੂੰ ਤਾਂ ਨੀਵੀਂ ਸੋਚ ਵਾਲੇ 'ਸ਼ਾਮਲਾਟ' ਦੀ ਜ਼ਮੀਨ ਵਰਗੀ ਸਮਝਦੇ, ਉਸ ਦੇ ਬੇਸਹਾਰਾ ਹੋਣ ਕਾਰਨ ਮੱਲੋ-ਮੱਲੀ ਉਸ 'ਤੇ ਆਪਣਾ ਹੱਕ ਜਤਾਉਂਦੇ ਨੇ। ਕਈ ਵਾਰ ਅਜਿਹੇ ਬਰਬਾਦ ਹੋਏ ਘਰਾਂ ਵਿਚ ਕੋਈ 'ਘੜੰਮ ਚੌਧਰੀ' ਵੀ ਹਮਦਰਦੀ ਦਾ ਨਕਾਬ ਪਹਿਨ ਕੇ ਦੁਖਿਆਰਿਆਂ ਲਈ ਹੋਰ ਦੁੱਖ ਲੈ ਕੇ ਆਉਂਦਾ ਹੈ।

ਜ਼ਮੀਨ-ਜਾਇਦਾਦ

ਕਮਾਊ ਔਰਤਾਂ ਇਸ ਸੱਟ ਨੂੰ ਕੁਝ ਸੌਖਿਆਂ ਜ਼ਰ ਜਾਂਦੀਆਂ ਨੇ। ਚੰਗੀ ਚੌਖੀ ਜ਼ਮੀਨ-ਜਾਇਦਾਦ ਵਾਲੇ ਘਰ ਦੀ ਨੂੰਹ ਵੀ ਗੁਜ਼ਰ-ਬਸਰ ਕਰ ਲੈਂਦੀ ਹੈ। ਇਸ ਦੇ ਉਲਟ ਅਨਪੜ੍ਹ ਜਾਂ ਗ਼ਰੀਬ ਘਰ ਦੀ ਨੂੰਹ -ਧੀ ਨੂੰ ਬਹੁਤ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ। ਹੋ ਸਕੇ ਮਾਪਿਆਂ ਸਹੁਰਿਆਂ ਦੀ ਰਜ਼ਾਮੰਦੀ ਨਾਲ ਅਤੇ ਆਪਣੇ ਜਾਂ ਬੱਚਿਆਂ ਬਾਰੇ ਸੋਚ ਵਿਚਾਰ ਕੇ ਨਵੀਂ ਜ਼ਿੰਦਗੀ ਸ਼ੁਰੂ ਕਰਨ ਤੋਂ ਵੀ ਗੁਰੇਜ਼ ਨਹੀਂ ਕਰਨਾ ਚਾਹੀਦਾ।

ਸਿਆਣੀਆਂ ਨੂੰਹਾਂ-ਧੀਆਂ ਜੋ ਨਵਾਂ ਜੀਵਨ ਸ਼ੁਰੂ ਨਹੀਂ ਕਰਨਾ ਚਾਹੁੰਦੀਆਂ, ਆਪਣੇ ਘਰ 'ਚ ਵੱਡਿਆਂ ਦੀ ਛਾਂ ਥੱਲੇ ਆਪਣਾ ਸਿਖਰ ਦੁਪਹਿਰ ਵਰਗਾ ਜੀਵਨ ਕੁਝ ਸੌਖਾ ਕੱਟ ਲੈਂਦੀਆਂ ਨੇ। ਇਹ ਆਪਣੇ ਨਾਲ-ਨਾਲ ਬੱਚਿਆਂ ਦਾ ਭਵਿੱਖ ਵੀ ਰੌਸ਼ਨ ਕਰ ਲੈਂਦੀਆਂ ਨੇ ਪਰ ਕੁਝ ਘਰਦਿਆਂ ਤੋਂ ਬਾਹਰੀਆਂ ਹੋਈਆਂ ਆਪ ਵੀ ਰੁਲਦੀਆਂ ਨੇ ਤੇ ਬੱਚਿਆਂ ਨੂੰ ਵੀ ਰੋਲਦੀਆਂ ਨੇ। ਸਾਡੇ ਸਮਾਜ ਵੱਲੋਂ ਤਾਂ ਚੰਗੀ ਭਲੀ ਔਰਤ 'ਤੇ ਨਿੱਕੀ ਜਿਹੀ ਗੱਲੋਂ ਤੁਹਮਤਾਂ ਲੱਗਾ ਦਿੱਤੀਆਂ ਜਾਂਦੀਆਂ ਨੇ ਅਜਿਹੀ ਹਾਲਤ 'ਚ ਤਾਂ ਔਰਤਾਂ ਦੀ ਹਰ ਕਦਮ 'ਤੇ ਜਿਵੇਂ ਅਗਨੀ ਪ੍ਰੀਖਿਆ ਹੁੰਦੀ ਹੈ ਅਤੇ ਉਹ ਹਰ ਕਦਮ 'ਤੇ ਅਸਹਿ ਪੀੜ ਸਹਿਦੀ, ਜਿਵੇਂ ਆਪਣੇ ਪੀੜ ਪਰੁੰਨੇ ਦਿਲ ਨੂੰ ਕਹਿੰਦੀ ਹੈ,

ਕੌਣ ਸਹੇ ਤੇਰੀ ਪੀੜ। •



ਮਾਨਸਿਕ ਪੀੜਾਂ

ਔਰਤ ਦੀ ਮਾਨਸਿਕ ਪੀੜਾਂ 'ਚ ਵਾਧਾ ਸਾਡੇ ਸਮਾਜ ਵੱਲੋਂ ਜਾਂ ਕਈ ਵਾਰ ਪਰਿਵਾਰ ਵੱਲੋਂ ਵੀ ਕੀਤਾ ਜਾਂਦਾ ਹੈ। ਜਦੋਂ ਇਸ ਹੋਣੀ ਦਾ ਸ਼ਿਕਾਰ ਹੋਈ ਕੋਈ ਮੁਟਿਆਰ ਨੌਕਰੀ ਪੇਸ਼ਾ ਹੋਵੇ, ਉਦੋਂ ਉਸ ਨੂੰ ਬਹੁਤ ਸਾਰੇ ਸਮਾਜਿਕ ਵਿਰੋਧਾਂ ਅਤੇ ਸਾਡੇ ਨੁਕਤਾਚੀਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹ ਮਾਹੌਲ ਅਨੁਸਾਰ ਸਾਫ਼-ਸੁਥਰੇ ਕੱਪੜੇ ਪਾ ਕੇ ਕੰਮ 'ਤੇ ਜਾਂਦੀ ਹੈ ਤਾਂ ਲੋਕ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰਦੇ ਹਨ ਜੇ ਉਹ ਬੇਰੰਗ ਘਸੇ-ਪਿਟੇ ਕੱਪੜੇ ਪਹਿਨ ਕੇ ਜਾਂਦੀ ਹੈ ਤਾਂ ਵੀ ਲੋਕ ਨਹੀਂ ਬਖ਼ਸ਼ਦੇ। ਬਾਕੀ ਸਾਥੀਆਂ 'ਚ ਖੜ੍ਹੀ ਬੈਠੀ ਹੀਣਭਾਵਨਾ ਦਾ ਸ਼ਿਕਾਰ ਹੁੰਦੀ ਹੈ। ਉਹ ਜ਼ਮਾਨਾ ਭਾਵੇਂ ਲੱਦ ਗਿਆ ਹੈ ਜਦੋਂ ਅਜਿਹੀ 'ਚ ਔਰਤ ਨੂੰ ਸਫ਼ੈਦ ਦੁਪੱਟਾ ਹੀ ਲੈਣਾ ਪੈਂਦਾ ਸੀ। ਹੁਣ ਅਜਿਹੇ ਕਰੜੇ ਨਿਯਮ ਜਾਂ ਰਿਵਾਜ ਪਰਿਵਾਰ ਜਾਂ ਸਮਾਜ 'ਚ ਨਹੀਂ ਹਨ ਪਰ ਫਿਰ ਵੀ ਅਜਿਹੀਆਂ ਦੁਖਿਆਰੀਆਂ ਜਵਾਨ ਔਰਤਾਂ ਦੇ ਪਹਿਰਾਵੇ 'ਤੇ ਲੋਕਾਂ ਵੱਲੋਂ ਬੜੀ ਭੱਦੀ ਤੇ ਬੇਲੋੜੀ ਟੀਕਾ-ਟਿੱਪਣੀ ਕੀਤੀ ਜਾਂਦੀ ਹੈ। ਖ਼ਾਸ ਕਰ ਪੇਂਡੂ ਸਮਾਜ 'ਚ ਜਾਂ ਕਸਬਿਆਂ ਵਰਗੇ ਸ਼ਹਿਰਾਂ 'ਚ ਇਹ ਪੀੜ ਉਹ ਰੋਜ਼ ਹੰਢਾਉਂਦੀਆਂ ਹਨ।

ਹੱਥੀ ਛਾਵਾਂ ਕਰਨਾ

ਅਜਿਹੀਆ ਮੁਟਿਆਰਾਂ ਨੂੰ ਆਪਣੇ ਅਰਮਾਨਾਂ ਦਾ ਖ਼ੂਨ ਤਾਂ ਕਰਨਾ ਹੀ ਪੈਂਦਾ ਹੈ ਪਰ ਕਈ ਵਾਰ ਮਾਸੂਮ ਦੇ ਚਾਅ ਵੀ ਰੁਲ਼ ਜਾਂਦੇ ਹਨ। ਆਪਣੇ ਬੱਚਿਆਂ ਨੂੰ ਮਾਂ ਤੇ ਪਿਓ ਦੋਵਾਂ ਦਾ ਪਿਆਰ ਦਿੰਦੀਆਂ ਉਹ ਆਪਾ ਕੁਰਬਾਨ ਕਰਦੀਆਂ ਨੇ। ਇਨ੍ਹਾਂ ਦੇ ਜੰਮਣ ਸਹੇੜਨ ਵਾਲੇ ਵੀ ਅਸਹਿ ਪੀੜ ਹੰਢਾਉਂਦੇ, ਉਨ੍ਹਾਂ ਤੋਂ ਛੁਪ-ਛੁਪ ਰੋਂਦੇ ਨੇ। ਜਦੋਂ ਭੋਲ਼ੇ-ਭਾਲ਼ੇ ਬੱਚੇ ਹੱਸਦੇ ਖੇਡਦੇ ਨੇ ਤਾਂ ਵੀ ਆਪਣੀ ਨੂੰਹ-ਧੀ ਅਤੇ ਬੱਚਿਆਂ ਨੂੰ ਦੇਖ-ਦੇਖ ਤੜਪਦੇ ਨੇ ਕਿ ਪਿਓ ਨੇ ਕਦੇ ਇਹ ਖੇਡਦੇ ਨਹੀਂ ਦੇਖਣੇ, ਜੇ ਉਹ ਕਦੇ ਰੋਂਦੇ ਨੇ ਤਾਂ ਵੀ ਬੱਚਿਆਂ ਦੀ ਮਾਂ ਤੋਂ ਅਤੇ ਵੱਡਿਆਂ ਤੋਂ ਉਹ ਝੱਲੇ ਨਹੀ ਜਾਂਦੇ। ਹਾਲਾਤ ਉਦੋਂ ਹੋਰ ਵੀ ਬਦਤਰ ਹੋ ਜਾਂਦੇ ਨੇ, ਜਦੋਂ ਸਹੁਰੇ ਘਰੋਂ ਵੀ ਅਜਿਹੀ ਧੀ-ਭੈਣ ਨੂੰ ਕਈ ਵਾਰ ਧੱਕ ਦਿੱਤੇ ਜਾਂਦੀ ਹਨ। ਕਈ ਮਾਪੇ ਬਣੇ ਸਹੁਰੇ ਅਜਿਹੀ ਨੂੰਹ ਨੂੰ ਤੱਤੀ ਹਵਾ ਨਹੀਂ ਲੱਗਣ ਦਿੰਦੇ। ਬੱਚਿਆਂ ਦੇ ਸਾਹੀ ਜਿਊਣ ਵਾਲੇ ਵੀ ਹੁੰਦੇ ਨੇ, ਹਰ ਪਲ ਪੁੱਤਰ ਦੀ ਆਮਾਨਤ ਨੂੰ ਹੱਥੀ ਛਾਵਾਂ ਕਰਦੇ ਨੇ। ਅਜਿਹੀ ਹਾਲਤ 'ਚ ਉਸ ਦੁਖਿਆਰੀ ਦੀ ਜ਼ਿੰਦਗੀ ਕੁਝ ਸੌਖੀ ਗੁਜ਼ਰ ਜਾਂਦੀ ਹੈ ਪਰ ਇਹ ਦੋਵਾਂ ਧਿਰਾਂ ਦੇ ਆਪਸੀ ਪ੍ਰੇਮ ਤੇ ਸਹਿਯੋਗ ਜਾਂ ਤਿਆਗ ਦੀ ਭਾਵਨਾ ਨਾਲ ਹੀ ਸੰਭਵ ਹੁੰਦਾ ਹੈ ਕਈ ਵਾਰ ਕਿਸੇ ਬਾਹਰੀ ਬੰਦੇ ਜਾਂ ਰਿਸ਼ਤੇਦਾਰ ਦੀ ਬੇਲੋੜੀ ਦਖ਼ਲ-ਅੰਦਾਜ਼ੀ ਵੀ ਇਨ੍ਹਾਂ ਰਿਸ਼ਤਿਆਂ 'ਚ ਤ੍ਰੇੜਾਂ ਪਾ ਦਿੰਦੀ ਹੈ। ਅਜਿਹੇ ਹਾਲਾਤ 'ਚ ਬਹੁਤ ਸੰਭਲ ਕੇ ਚੱਲਣ ਦੀ ਲੋੜ ਹੁੰਦੀ ਹੈ।

ਹਮੇਸ਼ਾ ਬਣੋ ਸਕਾਰਾਤਮਕ ਸੋਚ ਦੇ ਧਾਰਨੀ

ਇਨਸਾਨੀ ਜ਼ਿੰਦਗੀ ਵਿਚ ਉਤਰਾ ਚੜ੍ਹਾ ਆਉਂਦੇ ਹੀ ਰਹਿੰਦੇ ਹਨ। ਕਦੀ ਰੁੱਤ ਬਹਾਰਾਂ ਦੀ ਤੇ ਕਦੀ ਪੱਤਝੜ ਦੀ। ਜੇ ਅਸੀਂ ਬਹਾਰਾਂ ਦੀ ਰੁੱਤ ਨੂੰ ਸਿਰ ਮੱਥੇ ਪਰਵਾਨ ਕਰਦੇ ਹਾਂ ਤਾਂ ਸਾਨੂੰ ਪੱਤਝੜ ਦੀ ਰੁੱਤ 'ਚ ਵੀ ਜਿਊਣਾ ਆਉਣਾ ਚਾਹੀਦਾ ਹੈ। ਉਦਾਸੀ ਮਨੁੱਖ ਨੂੰ ਤਰਾਸ਼ਦੀ ਹੈ। ਜੇਕਰ ਅਸੀਂ ਛੋਟੇ-ਛੋਟੇ ਦੁੱਖ ਆਉਣ 'ਤੇ ਹੀ ਆਪਣਾ ਮਨੋਬਲ ਸੁੱਟ ਮੂੰਹ ਉਤਾਰ ਕੇ ਬੈਠੇ ਰਹਾਂਗੇ । ਫਿਰ ਵੱਡੀਆ ਮੁਸ਼ਕਿਲਾ ਦਾ ਸਾਹਮਣਾ ਕਰਨਾ ਅਸੰਭਵ ਹੋ ਜਾਵੇਗਾ। ਅੱਜ ਜਿਸ ਦੌਰ ਵਿਚ ਅਸੀਂ ਵਿਚਰ ਰਹੇ ਹਾਂ। ਸਾਨੂੰ ਸਕਾਰਾਤਮਕ ਸੋਚ ਦਾ ਪੱਲਾ ਨਹੀ ਛੱਡਣਾ ਚਾਹੀਦਾ।

ਬੱਚਿਆਂ ਤੋਂ ਲੈ ਕੇ ਬੁਢਾਪੇ ਦੇ ਰਾਹ 'ਤੇ ਤੁਰੀ ਜਾਂਦੀ ਬੁੱਢੀ ਪੀੜ੍ਹੀ ਵੀ ਕਈ ਵਾਰੀ ਅਜੀਬ ਕਿਸਮ ਦੀ ਉਦਾਸੀ ਦੀ ਸ਼ਿਕਾਰ ਹੈ। ਇਹ ਗੱਲ ਠੀਕ ਹੈ ਕਿ ਸੁੱਖ ਸਾਡੀ ਜ਼ਿੰਦਗੀ ਨੂੰ ਰੰਗੀਨ ਬਣਾਉਂਦੇ ਹਨ ਪ

ਸੁਪਰੀਮ ਕੋਰਟ ਨੇ ਮਾਨ ਦੇ ਘਰ ਦੇ ਬਾਹਰਲੀ ਸੜਕ ਆਮ ਲੋਕਾਂ ਲਈ ਖੋਲ੍ਹਣ 'ਤੇ ਲਗਾਈ ਰੋਕ

ਨਵੀਂ ਦਿੱਲੀ, 4 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸੁਪਰੀਮ ਕੋਰਟ ਨੇ ਚੰਡੀਗੜ੍ਹ 'ਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਘਰ ਦੇ ਬਾਹਰ ਟ੍ਰਾਇਲ ਦੇ ਆਧਾਰ 'ਤੇ ਇਕ ਸੜਕ ਖੋਲ੍ਹਣ 'ਤੇ ਸ਼ੁੱਕਰਵਾਰ ਨੂੰ ਰੋਕ ਲਗਾ ਦਿੱਤੀ। ਜੱਜ ਸੰਜੀਵ ਖੰਨਾ ਅਤੇ ਜੱਜ ਦੀਪਾਂਕਰ ਦੱਤਾ ਦੀ ਬੈਂਚ ਨੇ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਦੋਹਾਂ ਨੇ ਸੜਕ ਖੋਲ੍ਹਣ ਦਾ ਵਿਰੋਧ ਕੀਤਾ ਹੈ, ਜੋ ਖ਼ਤਰੇ ਦੇ ਖ਼ਦਸ਼ੇ ਕਾਰਨ 1980 ਦੇ ਦਹਾਕੇ ਤੋਂ ਬੰਦ ਹੈ। ਬੈਂਚ ਨੇ ਪੰਜਾਬ ਸਰਕਾਰ ਵਲੋਂ ਦਾਇਰ ਪਟੀਸ਼ਨ 'ਤੇ ਨੋਟਿਸ ਜਾਰੀ ਕੀਤਾ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਨ ਤੋਂ 2 ਸਤੰਬਰ ਤੱਕ ਜਵਾਬ ਮੰਗਿਆ। ਸੁਪਰੀਮ ਕੋਰਟ ਨੇ ਕਿਹਾ ਕਿ 1980 ਦੇ ਦਹਾਕੇ 'ਚ ਪੰਜਾਬ 'ਚ ਅੱਤਵਾਦ ਦੇ ਸਿਖਰ ਦੌਰਾਨ ਸੜਕ ਬੰਦ ਕਰ ਦਿੱਤੀ ਗਈ ਸੀ।

ਦੱਸਣਯੋਗ ਹੈ ਕਿ 22 ਅਪ੍ਰੈਲ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸੁਖਨਾ ਝੀਲ ਨੂੰ ਚੰਡੀਗੜ੍ਹ ਦੇ ਨਯਾਗਾਂਵ ਨਾਲ ਜੋੜਨ ਵਾਲੀ 500 ਮੀਟਰ ਦੀ ਸੜਕ ਨੂੰ ਟ੍ਰਾਇਲ ਦੇ ਆਧਾਰ 'ਤੇ 1 ਮਈ ਤੋਂ ਖੋਲ੍ਹਣ ਦਾ ਆਦੇਸ਼ ਦਿੱਤਾ। ਹਾਈ ਕੋਰਟ ਨੇ ਚੰਡੀਗੜ੍ਹ ਪੁਲਸ ਨੂੰ ਉਸ ਸੜਕ ਲਈ ਆਵਾਜਾਈ ਪ੍ਰਬੰਧਨ ਯੋਜਨਾ ਤਿਆਰ ਕਰਨ ਲਈ ਆਵਾਜਾਈ ਮਾਹਿਰਾਂ ਨੂੰ ਸ਼ਾਮਲ ਕਨਰ ਦਾ ਵੀ ਨਿਰਦੇਸ਼ ਦਿੱਤਾ ਸੀ, ਜਿਸ ਨੂੰ ਵਰਕਿੰਗ ਦਿਨਾਂ 'ਤੇ ਸਵੇਰੇ 7 ਵਜੇ ਤੋਂ ਸ਼ਾਮ 7 ਵਜੇ ਤੱਕ ਖੋਲ੍ਹਿਆ ਜਾਣਾ ਸੀ। ਸੜਕ ਬੰਦ ਹੋਣ ਦੇ ਬਾਅਦ ਤੋਂ ਨਵਾਗਾਂਵ ਅਤੇ ਸੁਖਨਾ ਝੀਲ ਵਿਚਾਲੇ ਆਵਾਜਾਈ ਕਰਨ ਵਾਲੇ ਲੋਕਾਂ ਨੂੰ ਸ਼ਹਿਰ ਦੇ ਨਜ਼ਦੀਕੀ ਸੈਕਟਰਾਂ ਤੋਂ ਹੋ ਕੇ ਲੰਬਾ ਚੱਕਰ ਲਗਾਉਣਾ ਪੈ ਰਿਹਾ ਹੈ।

ਵਾਇਨਾਡ 'ਚ ਹਾਰ ਦੇ ਡਰੋਂ ਸ਼ਹਿਜ਼ਾਦਾ ਰਾਏਬਰੇਲੀ ਤੋਂ ਮੈਦਾਨ 'ਚ ਨਿੱਤਰਿਆ ਹੈ: ਮੋਦੀ

ਕੋਲਕਾਤਾ, 4 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਅਤੇ ਇਸ ਦੇ ਨੇਤਾ ਰਾਹੁਲ ਗਾਂਧੀ 'ਤੇ ਵਿਅੰਗ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ 'ਸ਼ਹਿਜ਼ਾਦਾ' ਨੂੰ ਵਾਇਨਾਡ 'ਚ ਹਾਰ ਦਾ ਡਰ ਹੈ, ਜਿਸ ਕਾਰਨ ਉਸ ਨੂੰ ਰਾਏਬਰੇਲੀ ਹਲਕੇ ਤੋਂ ਵੀ ਚੋਣ ਮੈਦਾਨ 'ਚ ਉਤਾਰਿਆ ਗਿਆ ਹੈ। ਮੈਂ ਪਹਿਲਾਂ ਕਿਹਾ ਸੀ ਕਿ 'ਸ਼ਹਿਜ਼ਾਦਾ' ਵਾਇਨਾਡ ਤੋਂ ਹਾਰ ਜਾਵੇਗਾ ਅਤੇ ਜਲਦੀ ਹੀ ਵਾਇਨਾਡ ਦੀਆਂ ਚੋਣਾਂ ਖਤਮ ਹੋਣ ਬਾਅਦ ਉਹ ਦੂਜੀ ਸੀਟ ਦੀ ਭਾਲ ਵਿਚ ਜਾਵੇਗਾ। ਉਸ ਦੇ ਸਮਰਥਕ ਦਾਅਵਾ ਕਰ ਰਹੇ ਸਨ ਕਿ ਉਹ ਅਮੇਠੀ ਤੋਂ ਲੜੇਗਾ ਪਰ ਅਜਿਹਾ ਲਗਦਾ ਹੈ ਕਿ ਉਹ ਅਮੇਠੀ ਤੋਂ ਵੀ ਡਰਿਆ ਹੋਇਆ ਹੈ। ਇਸ ਲਈ ਹੁਣ ਸ਼ਹਿਜ਼ਾਦਾ ਰਾਏਬਰੇਲੀ ਤੋਂ ਮੈਦਾਨ 'ਚ ਆ ਰਿਹਾ ਹੈ। ਪ੍ਰਧਾਨ ਮੰਤਰੀ ਨੇ ਪੱਛਮੀ ਬੰਗਾਲ ਦੇ ਬਰਦਵਾਨ ਵਿੱਚ ਰੈਲੀ ਨੂੰ

ਸੰਬੋਧਨ ਕਰਦਿਆਂ ਕਿਹਾ,'ਮੈਂ ਸੰਸਦ 'ਚ ਪਹਿਲਾਂ ਹੀ ਕਿਹਾ ਸੀ ਕਿ ਉਨ੍ਹਾਂ ਦੀ (ਕਾਂਗਰਸ) ਦੀ ਸਭ ਤੋਂ ਵੱਡੀ ਨੇਤਾ ਚੋਣ ਲੜਨ ਦੀ ਹਿੰਮਤ ਨਹੀਂ ਕਰੇਗੀ ਅਤੇ ਉਹ ਭੱਜ ਜਾਵੇਗੀ।'

ਰਾਹੁਲ ਗਾਂਧੀ ਨੇ ਰਾਏਬਰੇਲੀ ਤੋਂ ਨਾਮਜ਼ਦਗੀ ਪੱਤਰ ਕੀਤਾ ਦਾਖ਼ਲ, ਸੋਨੀਆ, ਪ੍ਰਿਯੰਕਾ ਤੇ ਖੜਗੇ ਵੀ ਰਹੇ ਮੌਜੂਦ

ਰਾਏਬਰੇਲੀ, 4 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਉੱਤਰ ਪ੍ਰਦੇਸ਼ ਦੀ ਰਾਏਬਰੇਲੀ ਲੋਕ ਸੀਟ ਤੋਂ ਕਾਂਗਰਸ ਉਮੀਦਵਾਰ ਰਾਹੁਲ ਗਾਂਧੀ ਨੇ ਜ਼ਿਲ੍ਹਾ ਅਧਿਕਾਰੀ ਦਫ਼ਤਰ 'ਚ ਨਾਮਜ਼ਦਗੀ ਪੱਤਰ ਦਾਖ਼ਲ ਕੀਤਾ। ਨਾਮਜ਼ਦਗੀ ਪੱਤਰ ਦਾਖ਼ਲ ਕਰਦੇ ਸਮੇਂ ਰਾਹੁਲ ਗਾਂਧੀ ਦੇ ਨਾਲ ਕਾਂਗਰਸ ਨੇਤਾ ਸੋਨੀਆ ਗਾਂਧੀ, ਮਲਿਕਾਰਜੁਨ ਖੜਗੇ ਅਤੇ ਪ੍ਰਿਯੰਕਾ ਗਾਂਧੀ ਵਾਡਰਾ ਵੀ ਮੌਜੂਦ ਰਹੀ। ਦੱਸਣਯੋਗ ਹੈ ਕਿ ਸਾਲ 1999 ਤੋਂ ਰਾਹੁਲ ਗਾਂਧੀ ਦੀ ਮਾਂ ਸੋਨੀਆ ਇਸ ਸੀਟ ਤੋਂ ਸੰਸਦ 'ਚ ਪ੍ਰਤੀਨਿਧੀਤੱਵ ਕਰਦੀ ਰਹੀ ਹੈ, ਹਾਲਾਂਕਿ ਮੌਜੂਦਾ ਲੋਕ ਸਭਾ ਚੋਣਾਂ 'ਚ ਉਨ੍ਹਾਂ ਨੇ ਸਿਹਤ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਚੋਣਾਂ ਲੜਨ ਤੋਂ ਮਨ੍ਹਾ ਕਰ ਦਿੱਤਾ ਸੀ। ਰਾਹੁਲ ਗਾਂਧੀ ਦਾ ਰਾਏਬਰੇਲੀ 'ਚ ਮੁਕਾਬਲਾ ਭਾਜਪਾ ਦੇ ਦਿਨੇਸ਼ ਪ੍ਰਤਾਪ ਸਿੰਘ ਨਾਲ ਹੋਵੇਗਾ, ਜਿਨ੍ਹਾਂ ਨੇ ਅੱਜ ਹੀ ਆਪਣਾ ਨਾਮਜ਼ਦਗੀ ਪੱਤਰ ਦਾਖ਼ਲ ਕੀਤਾ ਹੈ। ਇਸ ਤੋਂ ਪਹਿਲਾਂ ਰਾਹੁਲ ਗਾਂਧੀ 2019 ਦੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਦੀ ਸਮ੍ਰਿਤੀ ਇਰਾਨੀ ਤੋਂ ਹਾਰ ਗਏ ਸਨ, ਹਾਲਾਂਕਿ ਉਹ ਕੇਰਲ ਦੀ ਵਾਇਨਾਡ ਸੀਟ ਤੋਂ ਚੋਣਾਂ ਜਿੱਤ ਕੇ ਲੋਕ ਸਭਾ ਪਹੁੰਚੇ ਸਨ।

ਰਾਹੁਲ ਗਾਂਧੀ ਦੇ ਨਾਮਜ਼ਦਗੀ ਜੁਲੂਸ ਦੌਰਾਨ ਹਜ਼ਾਰਾਂ ਸਮਰਥਕਾਂ ਦੀ ਭੀੜ ਮੌਜੂਦ ਸੀ, ਜਦੋਂ ਕਿ ਸੜਕ ਦੇ ਦੋਹਾਂ ਪਾਸੇ ਅਤੇ ਛੱਤਾਂ 'ਤੇ ਗਾਂਧੀ ਪਰਿਵਾਰ ਦੀ ਇਕ ਝਲਕ ਪਾਉਣ ਲਈ ਭਿਆਨਕ ਗਰਮੀ 'ਚ ਹਜ਼ਾਰਾਂ ਲੋਕ ਮੌਜੂਦ ਰਹੇ। ਇਸ ਦੌਰਾਨ ਪੂਰੇ ਰਾਏਬਰੇਲੀ ਦੇ ਕਈ ਹਿੱਸਿਆਂ 'ਚ ਜਾਮ ਦੀ ਸਥਿਤੀ ਬਣ ਗਈ।

ਨਾਮਜ਼ਦਗੀ ਜੁਲੂਸ ਦੀ ਅਗਵਾਈ ਉਨ੍ਹਾਂ ਦੀ ਭੈਣ ਅਤੇ ਰਾਸ਼ਟਰੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਕਰ ਰਹੀ ਸੀ। ਦੱਸਣਯੋਗ ਹੈ ਕਿ ਰਾਏਬਰੇਲੀ ਦੀ ਸੰਸਦ ਮੈਂਬਰ ਰਹੀ ਸ਼੍ਰੀਮਤੀ ਸੋਨੀ ਗਾਂਧੀ ਨੇ ਸਿਹਤ ਕਾਰਨਾਂ ਕਰ ਕੇ ਰਾਜ ਸਭਾ ਜਾਂਦੇ ਹੋਏ ਇੱਥੇ ਦੀ ਜਨਤਾ ਨੂੰ ਇਕ ਭਾਵੁਕ ਚਿੱਠੀ ਲਿਖੀ ਸੀ ਕਿ ਉਨ੍ਹਾਂ ਦੇ ਸਥਾਨ 'ਤੇ ਉਨ੍ਹਾਂ ਦੇ ਪਰਿਵਾਰ ਦਾ ਹੀ ਕੋਈ ਵਿਅਕਤੀ ਇੱਥੋਂ ਚੋਣ ਲੜੇਗਾ, ਜਿਸ ਦੇ ਬਾਅਦ ਤੋਂ ਰਾਹੁਲ ਗਾਂਧੀ ਅਤੇ ਉਨ੍ਹਾਂ ਦੀ ਭੈਣ ਪ੍ਰਿਯੰਕਾ ਗਾਂਧੀ ਦੇ ਚੋਣ ਜੰਗ 'ਚ ਉਤਰਨ ਦੇ ਕਿਆਸ ਲਗਾਏ ਜਾਣ ਲੱਗੇ ਸਨ। ਰਾਏਬਰੇਲੀ ਸੀਟ 'ਚ 1999 'ਚ ਹੋਈਆਂ ਜ਼ਿਮਨੀ ਚੋਣਾਂ ਦੇ ਬਾਅਦ ਤੋਂ ਕਾਂਗਰਸ ਨੇਤਾ ਸੋਨੀਆ ਗਾਂਧੀ ਲਗਾਤਾਰ 2019 ਤੱਕ ਇਸ ਸੀਟ ਤੋਂ ਸੰਸਦ ਮੈਂਬ ਰਹੀ ਹੈ ਪਰ ਇਸ ਵਾਰ ਸਿਹਤ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਨੇ ਚੋਣ ਲੜਨ ਤੋਂ ਇਨਕਾਰ ਕਰ ਦਿੱਤਾ। ਉਹ ਰਾਜ ਸਭਾ ਚੁਣੀ ਗਈ ਹੈ।

ਪੰਜਾਬ ਪੁਲਿਸ ਨੇ ਅੰਮ੍ਰਿਤਸਰ ਤੋਂ 4 ਕਿਲੋ ਆਈ. ਸੀ. ਈ. ਡਰੱਗ, 1 ਕਿਲੋ ਹੈਰੋਇਨ ਕੀਤੀ ਬਰਾਮਦ; ਇੱਕ ਵਿਅਕਤੀ ਗ੍ਰਿਫ਼ਤਾਰ

➢ ਪਾਕਿ ਆਧਾਰਿਤ ਨਸ਼ਾ ਤਸਕਰ ਨਾਲ ਸਿੱਧੇ ਸੰਪਰਕ ਵਿੱਚ ਸੀ ਗਿਰਫ਼ਤਾਰ ਕੀਤਾ ਦੋਸ਼ੀ ➢ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਖੇਪ ਪਹੁੰਚਾਉਣ ਲਈ ਡਰੋਨਾਂ ਦੀ ਕੀਤੀ ਗਈ ਸੀ ਵਰਤੋਂ :ਡੀਜੀਪੀ ਗੌਰਵ ਯਾਦਵ

ਚੰਡੀਗੜ੍ਹ, 4 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸਰਹੱਦ ਪਾਰੋਂ ਨਸ਼ਾ ਤਸਕਰੀ ਕਰਨ ਵਾਲੇ ਨੈਟਵਰਕ ਦੇ ਖਿਲਾਫ ਖੁਫੀਆ ਇਤਲਾਹ 'ਤੇ ਕੀਤੀ ਕਾਰਵਾਈ ਵਿੱਚ, ਕਾਊਂਟਰ ਇੰਟੈਲੀਜੈਂਸ (ਸੀਆਈ) ਅੰਮ੍ਰਿਤਸਰ ਨੇ ਇੱਕ ਵਿਅਕਤੀ ਨੂੰ ਗਿਰਫ਼ਤਾਰ ਕਰਕੇ ਉਸ ਕੋਲੋਂ 4 ਕਿਲੋ ਆਈਸੀਈ ਡਰੱਗ (ਕ੍ਰਿਸਟਲ ਮੇਥਾਮਫੇਟਾਮਾਈਨ) ਅਤੇ 1 ਕਿਲੋ ਹੈਰੋਇਨ ਬਰਾਮਦ ਕੀਤੀ ਹੈ। ਇਹ ਜਾਣਕਾਰੀ ਡੀਜੀਪੀ ਪੰਜਾਬ ਗੌਰਵ ਯਾਦਵ ਨੇ ਇੱਥੇ ਸ਼ੁੱਕਰਵਾਰ ਨੂੰ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਅਵਤਾਰ ਸਿੰਘ ਵਾਸੀ ਪਿੰਡ ਕੱਕੜ ਜ਼ਿਲ੍ਹਾ ਅੰਮ੍ਰਿਤਸਰ ਵਜੋਂ ਹੋਈ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ (ਸੀ.ਆਈ.) ਅੰਮ੍ਰਿਤਸਰ ਨੂੰ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਕਿ ਮੁਲਜ਼ਮ ਅਵਤਾਰ ਸਿੰਘ ਨੇ ਅਜਨਾਲਾ ਦੇ ਪਿੰਡ ਭਿੰਡੀ ਸੈਦਾਂ ਤੋਂ ਨਸ਼ੀਲੇ ਪਦਾਰਥਾਂ ਦੀ ਇੱਕ ਖੇਪ ਬਰਾਮਦ ਕੀਤੀ ਹੈ ਅਤੇ ਇਸ ਖੇਪ ਨੂੰ ਛੇਹਰਟਾ ਦੇ ਸ਼ੇਰ ਸ਼ਾਹ ਸੂਰੀ ਰੋਡ ਸਥਿਤ ਹਰਗੋਬਿੰਦ ਐਵੀਨਿਊ ਨੇੜੇ ਪਹੁੰਚਾਉਣ ਜਾ ਰਿਹਾ ਹੈ।

ਇਸ ਤੇ ਤਰੁੰਤ ਕਾਰਵਾਈ ਕਰਦਿਆਂ ਡੀ.ਐਸ.ਪੀ. ਸੀ.ਆਈ ਬਲਬੀਰ ਸਿੰਘ ਦੀ ਅਗਵਾਈ ਵਿੱਚ ਸੀ.ਆਈ. ਅੰਮ੍ਰਿਤਸਰ ਦੀਆਂ ਪੁਲਿਸ ਟੀਮਾਂ ਨੇ ਨਿਰਧਾਰਿਤ ਸਥਾਨ 'ਤੇ ਛਾਪੇਮਾਰੀ ਕੀਤੀ ਅਤੇ ਦੋਸ਼ੀ ਵਿਅਕਤੀ ਨੂੰ ਗ੍ਰਿਫ਼ਤਾਰ ਕਰਕੇ ਉਸਦੇ ਕਬਜ਼ੇ 'ਚੋਂ 4 ਕਿਲੋ ਆਈ.ਸੀ.ਈ. ਡਰੱਗ ਅਤੇ 1 ਕਿਲੋ ਹੈਰੋਇਨ ਬਰਾਮਦ ਕੀਤੀ ।

ਡੀਜੀਪੀ ਨੇ ਦੱਸਿਆ ਕਿ ਜਾਂਚ ਦੌਰਾਨ ਪਤਾ ਲੱਗਾ ਹੈ ਕਿ ਮੁਲਜ਼ਮ ਅਵਤਾਰ ਪਾਕਿਸਤਾਨ ਅਧਾਰਤ ਨਸ਼ਾ ਤਸਕਰ ਦੇ ਸਿੱਧੇ ਸੰਪਰਕ ਵਿੱਚ ਸੀ। ਜਾਂਚ ਤੋਂ ਇਹ ਵੀ ਪਤਾ ਲੱਗਾ ਹੈ ਕਿ ਪਾਕਿਸਤਾਨ ਅਧਾਰਤ ਨਸ਼ਾ ਤਸਕਰ ਨੇ ਸਰਹੱਦ ਪਾਰੋਂ ਨਸ਼ੀਲੇ ਪਦਾਰਥ ਦੀ ਖੇਪ ਪਹੁੰਚਾਉਣ ਲਈ ਡਰੋਨ ਦੀ ਵਰਤੋਂ ਕੀਤੀ ਸੀ।

ਉਨ੍ਹਾਂ ਕਿਹਾ ਕਿ ਪੂਰੇ ਨੈੱਟਵਰਕ ਦਾ ਪਰਦਾਫਾਸ਼ ਕਰਨ ਲਈ ਅਗਲੀਆਂ – ਪਿਛਲੀਆਂ ਕੜੀਆਂ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਜਾਰੀ ਹੈ।

ਸੀਬੀਐੱਸਈ ਵੱਲੋਂ 10ਵੀਂ ਤੇ 12ਵੀਂ ਦੇ ਨਤੀਜੇ ਦਾ ਐਲਾਨ 20 ਤੋਂ ਬਾਅਦ

ਨਵੀਂ ਦਿੱਲੀ, 4 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸੀਬੀਐੱਸਈ ਨੇ ਆਪਣੀ ਅਧਿਕਾਰਤ ਵੈੱਬਸਾਈਟ ਰਾਹੀਂ ਜਾਣਕਾਰੀ ਦਿੱਤੀ ਹੈ 10ਵੀਂ ਅਤੇ 12ਵੀਂ ਦਾ ਨਤੀਜਾ 20 ਮਈ ਤੋਂ ਬਾਅਦ ਐਲਾਨਿਆ ਜਾਵੇਗਾ। ਬੋਰਡ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਿਭਾਗ ਦੇ ਨਾਂ 'ਤੇ ਫੈਲਾਈਆਂ ਜਾ ਰਹੀਆਂ ਝੂਠੀਆਂ ਖ਼ਬਰਾਂ ਤੋਂ ਸੁਚੇਤ ਹੋਣ ਲਈ ਕਿਹਾ ਹੈ।

ਕੁਝ ਸਾਈਟਾਂ ਵਲੋਂ ਸੀਬੀਐੱਸਈ ਦੇ ਨਾਂ 'ਤੇ ਨਤੀਜਾ ਆਉਣ ਦੀ ਅਫ਼ਵਾਹ ਫੈਲਾਈ ਜਾ ਰਹੀ ਸੀ, ਜਿਸ ਦੀ ਵਿਭਾਗ ਵਲੋਂ ਜਾਂਚ ਕੀਤੀ ਗਈ ਅਤੇ ਇਸ ਨੂੰ ਝੂਠ ਕਰਾਰ ਦਿੱਤਾ ਗਿਆ ਹੈ।

ਸੁਪਰੀਮ ਕੋਰਟ ਕੇਜਰੀਵਾਲ ਦੀ ਅੰਤਰਿਮ ਜ਼ਮਾਨਤ ਪਟੀਸ਼ਨ 'ਤੇ ਦਲੀਲਾਂ ਸੁਣਨ 'ਤੇ ਕਰੇਗਾ ਵਿਚਾਰ

ਨਵੀਂ ਦਿੱਲੀ, 4 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ ਨੂੰ ਕਿਹਾ ਕਿ ਉਹ ਲੋਕ ਸਭਾ ਚੋਣਾਂ ਕਾਰਨ ਆਬਕਾਰੀ ਨੀਤੀ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਅੰਤਰਿਮ ਜ਼ਮਾਨਤ ਪਟੀਸ਼ਨ 'ਤੇ ਦਲੀਲਾਂ ਸੁਣਨ 'ਤੇ ਵਿਚਾਰ ਕਰੇਗਾ। ਜੱਜ ਸੰਜੀਵ ਖੰਨਾ ਅਤੇ ਜੱਜ ਦੀਪਾਂਕਰ ਦੱਤਾ ਦੀ ਬੈਂਚ ਨੇ ਈ.ਡੀ. ਵਲੋਂ ਪੇਸ਼ ਐਡੀਸ਼ਨਲ ਸਾਲਿਸੀਟਰ ਜਨਰਲ ਐੱਸ.ਵੀ. ਰਾਜੂ ਨੂੰ ਕਿਹਾ ਕਿ ਗ੍ਰਿਫ਼ਤਾਰੀ ਖ਼ਿਲਾਫ਼ ਕੇਜਰੀਵਾਲ ਦੀ ਪਟੀਸ਼ਨ 'ਤੇ ਸੁਣਵਾਈ 'ਚ ਸਮੇਂ ਲਗਣ ਦੀ ਸੰਭਾਵਨਾ ਹੈ ਅਤੇ ਇਸ ਲਈ ਅਦਾਲਤ ਉਨ੍ਹਾਂ ਨੂੰ ਅੰਤਰਿਮ ਜ਼ਮਾਨਤ 'ਤੇ ਜਾਂਚ ਏਜੰਸੀ ਦੀ ਸੁਣਵਾਈ 'ਤੇ ਵਿਚਾਰ ਕਰ ਰਹੀ ਹੈ। ਰਾਜੂ ਨੇ ਕਿਹਾ

ਕਿ ਉਹ ਕੇਜਰੀਵਾਲ ਦੀ ਅੰਤਰਿਮ ਜ਼ਮਾਨਤ ਦਾ ਵਿਰੋਧ ਕਰਨਗੇ।

ਬੈਂਚ ਨੇ ਕਿਹਾ,"ਅਸੀਂ ਕਹਿ ਰਹੇ ਹਾਂ ਕਿ ਅਸੀਂ ਅੰਤਰਿਮ ਜ਼ਮਾਨਤ 'ਤੇ ਸੁਣਵਾਈ ਕਰਾਂਗੇ ਅਤੇ ਇਹ ਨਹੀਂ ਕਹਿ ਰਹੇ ਹਾਂ ਕਿ ਅਸੀਂ ਅੰਤਰਿਮ ਜ਼ਮਾਨਤ ਦੇਵਾਂਗੇ। ਅਸੀਂ ਅੰਤਰਿਮ ਜ਼ਮਾਨਤ ਦੇ ਵੀ ਸਕਦੇ ਹਾਂ ਅਤੇ ਨਹੀਂ ਵੀ।" ਸੁਪਰੀਮ ਕੋਰਟ ਨੇ ਰਾਜੂ ਨੂੰ 7 ਮਈ ਨੂੰ ਅੰਤਰਿਮ ਜ਼ਮਾਨਤ ਪਟੀਸ਼ਨ 'ਤੇ ਬਹਿਸ ਲਈ ਤਿਆਰ ਹੋ ਕੇ ਆਉਣ ਲਈ ਕਿਹਾ। ਬੈਂਚ ਈ.ਡੀ. ਵਲੋਂ ਉਨ੍ਹਾਂ ਦੀ ਗ੍ਰਿਫ਼ਤਾਰੀ ਨੂੰ ਚੁਣੌਤੀ ਦੇਣ ਵਾਲੀ ਕੇਜਰੀਵਾਲ ਦੀ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਫਿਲਹਾਲ ਨਿਆਇਕ ਹਿਰਾਸਤ ਦੇ ਅਧੀਨ ਤਿਹਾੜ ਜੇਲ੍ਹ 'ਚ ਬੰਦ ਹਨ।

ਦਿਵਯਾਂਸ਼ੂ ਬੁੱਧੀਰਾਜਾ ਨੂੰ ਮਿਲੀ ਜ਼ਮਾਨਤ ਭਗੌੜੇ ਮਾਮਲੇ 'ਚ ਅਦਾਲਤ 'ਚ ਆਤਮ ਕੀਤਾ ਸਮਰਪਣ

ਚੰਡੀਗੜ੍ਹ, 4 ਮਈ/ -ਧਾਲੀਵਾਲ-
-ਕੌਮੀ ਪੱਤ੍ਰਿਕਾ ਬਿਊਰੋ-

ਪੰਚਕੂਲਾ ਜ਼ਿਲ੍ਹਾ ਅਦਾਲਤ ਨੇ ਕਰਨਾਲ ਤੋਂ ਕਾਂਗਰਸੀ ਉਮੀਦਵਾਰ ਦਿਵਯਾਂਸ਼ੂ ਬੁੱਧੀਰਾਜਾ ਨੂੰ ਨਿਯਮਤ ਜ਼ਮਾਨਤ ਦੇ ਦਿੱਤੀ ਹੈ। ਬਚਾਅ ਪੱਖ ਦੇ ਵਕੀਲ ਐਸਪੀਐਸ ਪਰਮਾਰ ਨੇ ਮੀਡੀਆ ਨੂੰ ਦੱਸਿਆ ਕਿ ਹਾਈ ਕੋਰਟ ਦੀਆਂ ਹਦਾਇਤਾਂ 'ਤੇ ਦਿਵਯਾਂਸ਼ੂ ਬੁੱਧੀ ਰਾਜਾ ਨੇ ਅਦਾਲਤ ਵਿੱਚ ਆਤਮ ਸਮਰਪਣ ਕਰ ਦਿੱਤਾ ਹੈ। ਜਿਸ ਤੋਂ ਬਾਅਦ ਅਦਾਲਤ ਨੂੰ ਦੱਸਿਆ ਗਿਆ ਕਿ ਇਹ ਜ਼ਮਾਨਤਯੋਗ ਅਪਰਾਧ ਹੈ ਅਤੇ ਇਸ ਦੇ ਮੱਦੇਨਜ਼ਰ ਅਸੀਂ ਆਪਣੀ ਮਰਜ਼ੀ ਨਾਲ ਆਤਮ ਸਮਰਪਣ ਕਰ ਰਹੇ ਹਾਂ। ਅਦਾਲਤ ਤੋਂ ਮੰਗ ਕੀਤੀ ਗਈ ਕਿ ਅਪਰਾਧ ਨੂੰ ਦੇਖਦੇ ਹੋਏ ਦਿਵਯਾਂਸ਼ੂ ਨੂੰ ਜ਼ਮਾਨਤ ਦਿੱਤੀ ਜਾਵੇ। ਜਿਸ ਤੋਂ ਬਾਅਦ ਉਨ੍ਹਾਂ ਨੇ ਦਿਵਯਾਂਸ਼ੂ ਬੁੱਧੀਰਾਜਾ ਨੂੰ ਨਿਯਮਤ ਜ਼ਮਾਨਤ ਦੇ ਦਿੱਤੀ। ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਅਤੇ ਕਰਨਾਲ ਤੋਂ ਭਾਜਪਾ ਉਮੀਦਵਾਰ ਮਨੋਹਰ ਲਾਲ ਦੇ ਨਾਲ ਡਿਫੈਂਸ ਪ੍ਰਾਪਰਟੀ ਐਕਟ ਕੇਸ ਵਿੱਚ ਨਾਮਜ਼ਦ ਕੀਤੇ ਗਏ ਦਿਵਾਂਸ਼ੂ ਬੁੱਧੀਰਾਜਾ ਨੇ ਪੰਚਕੂਲਾ ਅਦਾਲਤ ਵਿੱਚ ਆਤਮ ਸਮਰਪਣ ਕਰ ਦਿੱਤਾ ਹੈ। ਕੱਲ੍ਹ ਹਾਈ ਕੋਰਟ ਵਿੱਚ ਦਿਵਯਾਂਸ਼ੂ ਨੂੰ ਅਦਾਲਤ ਵਿੱਚ ਆਤਮ ਸਮਰਪਣ ਕਰਨ ਲਈ ਕਿਹਾ ਗਿਆ ਸੀ, ਜਿਸ ਤੋਂ ਬਾਅਦ ਅਦਾਲਤ ਨੇ ਸੁਣਵਾਈ 7 ਮਈ ਤੱਕ ਟਾਲ

ਹਰਜੋਤ ਬੈਂਸ ਨੇ ਸ੍ਰੀ ਸਿੱਧ ਬਾਬਾ ਬਾਲਕ ਨਾਥ ਦੁਰਗਾ ਮੰਦਿਰ ਵਿਖੇ ਭਰੀ ਹਾਜ਼ਰੀ, ਸ਼ਾਹਤਲਾਈਆਂ ਗੁਫਾ ਵਿਖੇ ਹੋਏ ਨਤਮਸਤਕ

ਨੰਗਲ, 4 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਸਿੱਧ ਬਾਬਾ ਬਾਲਕ ਨਾਥ ਜੀ ਦੀ ਗੁਫਾ ਲਈ ਨੰਗਲ ਤੋਂ 53ਵਾਂ ਚਾਲਾ ਸ੍ਰੀ ਸਿੱਧ ਬਾਬਾ ਬਾਲਕ ਨਾਥ ਦੁਰਗਾ ਮੰਦਰ ਤੋਂ ਹਜਾਰਾਂ ਸ਼ਰਧਾਲੂਆਂ ਵੱਲੋਂ ਜੈਕਾਰਿਆਂ ਨਾਲ ਸ਼ਾਹਤਲਾਈਆਂ ਲਈ ਰਵਾਨਾ ਹੋਇਆ ਜਿੱਥੋਂ ਸ਼ਰਧਾਲੂ ਪੌਣਾਹਾਰੀ ਦੇ ਗੁਣਗਾਨ ਕਰਦੇ ਹੋਏ ਗੁਫਾ ਲਈ ਰਵਾਨਾ ਹੋਏ। ਇਸ ਤੋਂ ਪਹਿਲਾਂ ਇਲਾਕੇ ਦੀਆਂ ਸੰਗਤਾਂ ਨੇ ਬਾਬਾ ਬਾਲਕ ਨਾਥ ਜੀ ਦੀ ਚੌਕੀ ਵਿੱਚ ਹਾਜਰੀ ਲਗਵਾਈ ਅਤੇ ਸਮੁੱਚਾ ਇਲਾਕਾ ਭਗਤੀ ਰੰਗ ਵਿੱਚ ਰੰਗਿਆ ਗਿਆ। ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਨੇ ਆਪਣੇ ਵਿਧਾਨ ਸਭਾ ਹਲਕੇ ਦੇ ਨੰਗਲ ਸ਼ਹਿਰ ਵਿੱਚ ਆਯੋਜਿਤ ਸਾਲਾਨਾ ਧਾਰਮਿਕ ਸਮਾਗਮ ਵਿੱਚ ਬਹੁਤ ਹੀ ਸ਼ਰਧਾ ਭਾਵ ਨਾਲ ਹਾਜਰੀ ਲਗਵਾਈ ਅਤੇ ਸ੍ਰੀ ਸਿੱਧ ਬਾਬਾ ਬਾਲਕ ਨਾਥ ਜੀ ਦੀ ਪਵਿੱਤਰ ਗੁਫਾ ਲਈ ਰਵਾਨਾ ਹੋਏ। ਸਰਦਾਰ ਬੈਂਸ ਵੱਲੋਂ ਸੰਗਤਾਂ ਤੇ ਭਗਤਾਂ ਦੇ ਨਾਲ ਪੌਣਾਹਾਰੀ ਦਾ ਗੁਣਗਾਨ ਕੀਤਾ ਅਤੇ ਉਹ ਆਮ ਸ਼ਰਧਾਲੂ ਦੀ ਤਰ੍ਹਾਂ ਭਗਤੀ ਰੰਗ ਵਿੱਚ ਰੰਗੇ ਦਿਖਾਈ ਦਿੱਤੇ। ਉਨ੍ਹਾਂ ਨੇ ਸ਼ਹਤਲਾਈਆਂ ਪਹੁੰਚ ਕੇ ਧਾਰਮਿਕ ਸਮਾਗਮਾਂ ਵਿੱਚ ਸ਼ਮੂਲੀਅਤ ਕੀਤੀ ਅਤੇ ਪਵਿੱਤਰ ਗੁਫਾ ਦੇ ਦਰਸ਼ਨ ਕੀਤੇ । ਸਰਦਾਰ ਬੈਂਸ ਨਿਮਾਣੇ ਸ਼ਰਧਾਲੂ ਦੀ ਤਰਾਂ ਹਮੇਸ਼ਾ ਦੀ ਤਰਾਂ ਇਸ ਧਾਰਮਿਕ ਸਮਾਗਮ ਵਿੱਚ ਪਹੁੰਚੇ।

ਇਸ ਮੌਕੇ ਹਰਜੋਤ ਬੈਂਸ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਇਲਾਕੇ ਦੀ ਸੇਵਾ ਦੀ ਜਿੰਮੇਵਾਰੀ ਮਿਲੀ ਹੈ। ਜਿੱਥੇ ਸਾਰੇ ਧਰਮਾਂ ਦਾ ਸਤਿਕਾਰ ਅਤੇ ਮਾਨਵਤਾ ਦੇ ਕਲਿਆਣ ਲਈ ਆਵਾਜ ਬੁਲੰਦ ਹੋਈ ਹੈ। ਸਮੁੱਚਾ ਇਲ਼ਾਕਾ ਹਮੇਸ਼ਾ ਧਾਰਮਿਕ ਰੰਗ ਵਿੱਚ ਰੰਗਿਆ ਰਹਿੰਦਾ ਹੈ। ਉਨ੍ਹਾਂ ਨੇ ਕਿਹਾ ਕਿ ਅਸੀਂ ਸਾਰੇ ਰਲ-ਮਿਲ ਕੇ ਸਾਰੇ ਧਰਮਾਂ ਦੇ ਤਿਉਹਾਰ ਮਨਾਉਂਦੇ ਹਾਂ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਧਾਰਮਿਕ ਸਥਾਨ ਇਥੋਂ ਨੇੜਲੇ ਇਲਾਕਿਆਂ ਵਿੱਚ ਮੌਜੂਦ ਹਨ ਜਿੱਥੇ ਕੁੱਲ਼ ਸੰਸਾਰ ਤੋਂ ਲੋਕ ਨਤਮਸਤਕ ਹੋਣ ਲਈ ਆਉਂਦੇ ਹਨ। ਉਨਾਂ ਨੇ ਸ੍ਰੀ ਸਿੱਧ ਬਾਬਾ ਬਾਲਕ ਨਾਥ ਜੀ ਦੁਰਗਾ ਮੰਦਰ ਤੋਂ ਚਾਲਾ ਰਵਾਨਾ ਹੋਣ ਸਮੇਂ ਹਾਜਰੀ ਲਗਵਾਈ ਹੈ। ਸ਼ਾਹਤਲਾਈਆਂ ਤੇ ਪਵਿੱਤਰ ਗੁਫਾ ਤੇ ਮੱਥਾ ਟੇਕ ਕੇ ਬਹੁਤ ਸਕੂਨ ਮਿਲਿਆ ਹੈ। ਸਮੁੱਚੀ ਲੋਕਾਈ ਦੀ ਖੁਸ਼ਹਾਲੀ ਤੇ ਤਰਕੀ ਲਈ ਪ੍ਰਾਰਥਨਾ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਮਨ ਨੂੰ ਬਹੁਤ ਸਕੂਨ ਮਿਲਿਆ ਹੈ।

ਇਸ ਲਈ ਇਨਾਂ ਸਮਾਗਮਾ ਵਿੱਚ ਹਮੇਸ਼ਾ ਸ਼ਮੂਲੀਅਤ ਕਰਦੇ ਹਾਂ। ਉਨਾਂ ਨੇ ਹਾਜਰ ਸਾਰੀ ਸੰਗਤ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਉਨਾਂ ਦੀ ਮਨੋਕਾਮਨਾ ਦੀ ਪੂਰਤੀ ਲਈ ਅਰਦਾਸ ਕੀਤੀ ਹੈ।

ਮੂਸੇਵਾਲਾ ਕਤਲ ਕਾਂਡ 'ਚ ਪੁਲਿਸ ਨੂੰ ਮਿਲੀ ਵੱਡੀ ਕਾਮਯਾਬੀ, ਹਥਿਆਰਾਂ ਸਣੇ 3 ਗ੍ਰਿਫ਼ਤਾਰ

ਮੁੰਬਈ, 4 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ 'ਚ ਉੱਤਰ ਪ੍ਰਦੇਸ਼ ਦੇ ਬੁਲੰਦਸ਼ਹਿਰ ਤੋਂ ਪੁਲਸ ਨੂੰ ਵੱਡੀ ਸਫ਼ਲਤਾ ਮਿਲੀ ਹੈ। ਦੱਸਿਆ ਜਾ ਰਿਹਾ ਹੈ ਕਿ ਮੂਸੇਵਾਲਾ ਕਤਲ ਕੇਸ 'ਚ ਨਜਾਇਜ਼ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਤਸਕਰ ਸ਼ਾਹਬਾਜ਼ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਦੱਸ ਦਈਏ ਕਿ ਐੱਨ. ਆਈ. ਏ. ਪਹਿਲਾਂ ਹੀ ਸ਼ਾਹਬਾਜ਼ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ ਅਤੇ ਉਸ ਨੂੰ ਅਦਾਲਤ 'ਚ ਵੀ ਭੇਜ ਦਿੱਤਾ। ਪੁਲਸ ਨੇ ਨਜਾਇਜ਼ ਹਥਿਆਰਾਂ ਦੀ ਤਸਕਰੀ ਕਰਨ ਵਾਲੇ 3 ਤਸਕਰਾਂ ਨੂੰ ਕਾਬੂ ਕੀਤਾ ਹੈ। ਇਸ ਦੌਰਾਨ ਪੁਲਸ ਨੂੰ ਬਦਮਾਸ਼ਾਂ ਕੋਲੋਂ 3 ਪਿਸਤੌਲ, 2 ਬੰਦੂਕਾਂ ਅਤੇ ਕਾਰਤੂਸ ਸਣੇ ਇੱਕ ਥਾਰ ਗੱਡੀ ਬਰਾਮਦ ਕੀਤੀ ਹੈ। ਐੱਸ. ਐੱਸ. ਪੀ. ਸ਼ਲੋਕ ਕੁਮਾਰ ਨੇ ਹਥਿਆਰਾਂ ਦੇ ਤਸਕਰ ਦੇ ਸਾਥੀ ਰਿਜ਼ਵਾਨ 'ਤੇ 25,000 ਰੁਪਏ ਦੇ ਇਨਾਮ ਦਾ ਐਲਾਨ ਰੱਖਿਆ ਹੈ। ਐੱਨ.ਆਈ.ਏ.ਨੇ ਪਿਛਲੇ ਸਾਲ ਦੱਸਿਆ ਸੀ ਕਿ ਸ਼ਾਹਬਾਜ਼ ਅੰਸਾਰੀ ਮੂਸੇਵਾਲਾ ਦੀ ਹੱਤਿਆ 'ਚ ਹਥਿਆਰਾਂ ਦੇ ਸਪਲਾਇਰ ਅਤੇ ਲਾਰੈਂਸ ਗੈਂਗ ਦੇ ਵਿਚਕਾਰ ਇੱਕ ਵਿਚੋਲਾ ਸੀ। ਉਸ ਨੂੰ ©91 ਨੇ 8 ਦਸੰਬਰ 2022 ਨੂੰ ਬੁਲੰਦਸ਼ਹਿਰ (ਉੱਤਰ ਪ੍ਰਦੇਸ਼) ਤੋਂ ਗ੍ਰਿਫ਼ਤਾਰ ਕੀਤਾ ਸੀ।

ਪੰਜਾਬੀ ਯੂਨੀਵਰਸਿਟੀ ਦੀ ਸ਼ਾਨਦਾਰ ਵਿਰਾਸਤ ਨੂੰ ਸੰਭਾਲਣ ਲਈ ਭਵਿੱਖ ਵਿੱਚ ਹੋਰ ਬਿਹਤਰ ਕੰਮ ਕੀਤੇ ਜਾਣ ਦੀ ਜ਼ਰੂਰਤ: ਕੇ.ਕੇ. ਯਾਦਵ

ਪੰਜਾਬ ਦੀ ਵਿਗਿਆਨ ਦੇ ਖੇਤਰ ਵਿੱਚ ਮਹਾਨ ਵਿਰਾਸਤ ਰਹੀ: ਪ੍ਰੋ. ਗਰੋਵਰ

ਪਟਿਆਲਾ, 4 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸ੍ਰੀ. ਕੇ. ਕੇ. ਯਾਦਵ ਨੇ ਕਿਹਾ ਕਿ ਜਦੋਂ ਕਿਸੇ ਆਦਾਰੇ ਦਾ ਇਤਿਹਾਸ ਸ਼ਾਨਦਾਰ ਰਿਹਾ ਹੋਵੇ ਤਾ ਉਸ ਵਿੱਚ ਕੰਮ ਕਰਨ ਵਾਲਿਆਂ ਦੀ ਜ਼ਿੰਮੇਂਵਾਰੀ ਹੋਰ ਵੀ ਵਧ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਦੇ ਮਾਮਲੇ ਵਿੱਚ ਇਹ ਗੱਲ ਪੂਰੀ ਤਰ੍ਹਾਂ ਢੁਕਦੀ ਹੈ।

ਪੰਜਾਬੀ ਯੂਨੀਵਰਸਿਟੀ ਦੇ 63ਵੇਂ ਸਥਾਪਨਾ ਦਿਵਸ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਸ੍ਰੀ ਯਾਦਵ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਦੀ ਇਕ ਸ਼ਾਨਦਾਰ ਵਿਰਾਸਤ ਰਹੀ ਹੈ ਅਤੇ ਇਸ ਨੂੰ ਸੰਭਾਲਣ ਲਈ ਭਵਿੱਖ ਵਿੱਚ ਹੋਰ ਬਿਹਤਰ ਕੰਮ ਕੀਤੇ ਜਾਣ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ 62 ਸਾਲ ਪਹਿਲਾਂ ਪੰਜਾਬੀ ਯੂਨੀਵਰਸਿਟੀ ਦਾ ਬੀਜ ਬੀਜਿਆ ਗਿਆ ਸੀ ਅਤੇ ਇਹ ਬੂਟਾ ਹੁਣ ਰੁੱਖ ਬਣ ਗਿਆ ਹੈ। ਇਹ ਹੁਣ ਤੱਕ ਹਜ਼ਾਰਾਂ ਲੱਖਾਂ ਵਿਦਿਆਰਥੀਆਂ ਨੂੰ ਛਾਂ ਦੇ ਚੁੱਕਾ ਹੈ। ਉਨ੍ਹਾਂ ਕਿਹਾ ਕਿ ਸਾਡਾ ਫਰਜ਼ ਹੈ ਕਿ ਅਸੀਂ ਇਸ ਨੂੰ ਹੋਰ ਅੱਗੇ ਤੱਕ ਲੈ ਕੇ ਜਾਈਏ। ਉਨ੍ਹਾਂ ਕਿਹਾ ਕਿ ਸਾਨੂੰ ਇਸ ਮੌਕੇ ਉਨ੍ਹਾਂ ਸਾਰੇ ਅਧਿਆਪਕਾਂ, ਖੋਜੀਆਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਨੂੰ ਯਾਦ ਕਰਨਾ ਚਾਹੀਦਾ ਹੈ ਜਿਨ੍ਹਾਂ ਨੇ ਯੂਨੀਵਰਸਿਟੀ ਨੂੰ ਬਿਹਤਰ ਬਣਾਉਣ ਵਿੱਚ ਆਪਣਾ ਯੋਗਦਾਨ ਪਾਇਆ ਹੈ।

ਇਸ ਮੌਕੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸਾਬਕਾ ਵਾਈਸ ਚਾਂਸਲਰ ਪ੍ਰੋ. ਅਰੁਣ ਗਰੋਵਰ ਨੇ ਮੁੱਖ ਬੁਲਾਰੇ ਵਜੋਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੰਜਾਬ ਦੀ ਵਿਗਿਆਨ ਦੇ ਖੇਤਰ ਵਿੱਚ ਮਹਾਨ ਵਿਰਾਸਤ ਰਹੀ ਹੈ। ਉਨ੍ਹਾਂ ਕਿਹਾ ਕਿ ਇਤਿਹਾਸ ਵਿੱਚ ਪੰਜਾਬ ਕੋਲ ਬਹੁਤ ਸਾਰੇ ਵਿਗਿਆਨੀ ਰਹੇ ਹਨ ਜਿਨ੍ਹਾਂ ਨੇ ਸੰਸਾਰ ਪੱਧਰ ਉੱਤੇ ਨਾਮਣਾ ਖੱਟਿਆ। ਉਨ੍ਹਾਂ ਆਪਣੇ ਭਾਸ਼ਣ ਦੌਰਾਨ 1850 ਦੇ ਸਮੇਂ ਤੋਂ ਲੈ ਕੇ ਪੰਜਾਬੀ ਮੂਲ ਦੇ ਵਿਗਿਆਨੀਆਂ ਬਾਰੇ ਵਿਸਥਾਰ ਵਿੱਚ ਗੱਲ ਕੀਤੀ। 1885 ਦੌਰਾਨ ਵਿਗਿਆਨ ਵਿਸ਼ੇ ਦੇ ਪਹਿਲੇ ਪੰਜਾਬੀ ਵਿਦਿਆਰਥੀਆਂ ਰੁਚੀ ਰਾਮ ਸਾਹਨੀ ਅਤੇ ਗੁਰੂ ਦੱਤਾ ਨਾਲ ਆਪਣੀ ਗੱਲ ਸ਼ੁਰੂ ਕਰਦਿਆਂ ਉਨ੍ਹਾਂ ਐੱਸ. ਐੱਸ. ਭਟਨਾਗਰ, ਹਰਗੋਬਿੰਦ ਖੁਰਾਣਾ, ਦਯਾ ਰਾਮ ਸਾਹਨੀ, ਬੀਰਬਲ ਸਾਹਨੀ, ਸਾਹਿਬ ਸਿੰਘ ਸੋਖੀ, ਪ੍ਰੋ. ਵਿਸ਼ਵ ਨਾਥ ਆਦਿ ਵਰਗੇ ਬਹੁਤ ਸਾਰੇ ਵਿਗਿਆਨੀਆਂ ਬਾਰੇ ਚਰਚਾ ਕੀਤੀ।

ਦੂਜੇ ਮੁੱਖ ਬੁਲਾਰੇ ਉੱਘੇ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਨੇ ਕਿਹਾ ਕਿ ਉਨ੍ਹਾਂ ਨੇ ਰਸਮੀ ਰੂਪ ਵਿੱਚ ਯੂਨਵਿਰਸਿਟੀ ਤੋਂ ਉਚੇਰੀ ਸਿੱਖਿਆ ਹਾਸਿਲ ਨਹੀਂ ਕੀਤੀ ਅਤੇ ਉਹ ਆਪਣੇ ਸਿਰਜਣਾਤਮਕ ਖੇਤਰ ਵਿੱਚ ਵੀ ਅਕਾਦਮਿਕ ਅਦਾਰਿਆਂ ਤੋਂ ਦੂਰ ਹੀ ਰਹੇ ਹਨ। ਇਸ ਦੇ ਬਾਵਜੂਦ ਪੰਜਾਬੀ ਯੂਨੀਵਰਸਟਿੀ ਦੇ ਅਕਾਦਮਿਕ ਮਾਹੌਲ ਨੇ ਉਨ੍ਹਾਂ ਨੂੰ ਹਮੇਸ਼ਾ ਹੀ ਸੁਖਾਵਾਂ ਮਹਿਸੂਸ ਕਰਵਾਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਨੇ ਉਨ੍ਹਾਂ ਦੇ ਨਾਵਲਾਂ ਨੂੰ ਪਾਠਕ੍ਰਮਾਂ ਦਾ ਹਿੱਸਾ ਬਣਾਇਆ ਅਤੇ ਉਨ੍ਹਾਂ ਵੱਲੋਂ ਲਿਖੇ ਨਾਟਕ 'ਮਿੱਟੀ ਰੁਦਨ ਕਰੇ' ਦੀਆਂ ਅਣਗਿਣਤ ਪੇਸ਼ਕਾਰੀਆਂ ਕਰਵਾ ਕੇ ਉਨ੍ਹਾਂ ਦੇ ਕੈਰੀਅਰ ਵਿੱਚ ਵੱਡਾ ਯੋਗਦਾਨ ਪਾਇਆ ਹੈ। ਪੰਜਾਬੀ ਯੂਨੀਵਰਸਿਟੀ ਦੇ ਅਕਾਦਮਿਕ ਮਾਹੌਲ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਇੱਥੇ ਆ ਕੇ ਉਨ੍ਹਾਂ ਨੂੰ ਕਦੇ ਵੀ ਇਹ ਮਹਿਸੂਸ ਨਹੀਂ ਹੋਇਆ ਕਿ ਉਹ ਬਾਹਰ ਤੋਂ ਹਨ।

ਆਪਣੇ ਸਵਾਗਤੀ ਭਾਸ਼ਣ ਦੌਰਾਨ ਡੀਨ ਅਕਾਦਮਿਕ ਮਾਮਲੇ ਪ੍ਰੋ. ਏ. ਕੇ. ਤਿਵਾੜੀ ਨੇ ਪੰਜਾਬੀ ਯੂਨੀਵਰਸਿਟੀ ਦੀ ਅਕਾਦਮਿਕ ਵਿਰਾਸਤ ਬਾਰੇ ਗੱਲਬਾਤ ਕੀਤੀ। ਧੰਨਵਾਦੀ ਭਾਸ਼ਣ ਰਜਿਸਟਰਾਰ ਪ੍ਰੋ. ਨਵਜੋਤ ਕੌਰ ਨੇ ਦਿੱਤਾ। ਦੋਹਾਂ ਬੁਲਾਰਿਆਂ ਬਾਰੇ ਜਾਣ-ਪਛਾਣ ਸਥਾਪਨਾ ਦਿਵਸ ਪ੍ਰੋਗਰਾਮ ਦੇ ਕੋਆਰਡੀਨੇਟਰ ਪ੍ਰੋ. ਗੁਰਮੁਖ ਸਿੰਘ ਨੇ ਕਰਵਾਈ। ਪ੍ਰੋਗਰਾਮ ਦੌਰਾਨ ਡਾ. ਏ. ਐੱਲ. ਜੇ. ਰਾਉ ਨੂੰ ਉਨ੍ਹਾਂ ਵੱਲੋਂ ਖੋਜ ਅਤੇ ਅਕਾਦਮਿਕ ਖੇਤਰ ਵਿੱਚ ਪਾਏ ਯੋਗਦਾਨ ਬਦਲੇ ਵਿਸ਼ੇਸ਼ ਤੌਰ ਉੱਤੇ ਸਨਮਾਨਿਤ ਕੀਤਾ ਗਿਆ। ਡਾ. ਰਾਉ ਨੇ ਪੰਜਾਬੀ ਯੂਨੀਵਰਸਿਟੀ ਵਿਖੇ ਵੱਖ-ਵੱਖ ਅਹੁਦਿਆਂ ਉੱਤੇ ਵਿਚਰਦਿਆਂ ਅਧਿਆਪਨ ਅਤੇ ਖੋਜ ਦੇ ਖੇਤਰ ਵਿੱਚ ਕੰਮ ਕੀਤਾ ਹੈ।ਜ਼ਿਕਰਯੋਗ ਹੈ ਕਿ ਇਸ ਵਾਰ ਯੂਨਵਿਰਸਿਟੀ ਵੱਲੋਂ ਵਾਈਸ ਚਾਂਸਲਰ ਸ੍ਰੀ. ਕੇ. ਕੇ. ਯਾਦਵ ਦੀ ਅਗਵਾਈ ਵਿੱਚ ਨਵੀਂ ਪ੍ਰਥਾ ਸ਼ੁਰੂ ਕਰਦਿਆਂ ਆਪਣੇ ਸਭ ਤੋਂ ਸੀਨੀਅਰ ਸੇਵਾ-ਨਵਿਰਤ ਅਧਿਆਪਕਾਂ/ਕਰਮਚਾਰੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਨ੍ਹਾਂ ਸਨਮਾਨਿਤ ਸ਼ਖ਼ਸੀਅਤਾਂ ਵਿੱਚ ਪ੍ਰੋ. ਨਿਰਭੈ ਸਿੰਘ, ਸ੍ਰ. ਦਲੀਪ ਸਿੰਘ ਉੱਪਲ (ਸਾਬਕਾ ਵਿੱਤ ਅਫ਼ਸਰ), ਸ੍ਰ. ਸੁਰਜੀਤ ਸਿੰਘ ਰਿਸਟੋਰਰ, ਸ੍ਰ. ਅਜ਼ਾਦ ਸਿੰਘ ਅਤੇ ਸ੍ਰ. ਅਮਰੀਕ ਸਿੰਘ ਵੀ ਸ਼ਾਮਿਲ ਸਨ।

ਇਸ ਮੌਕੇ ਪੰਜਾਬੀ ਯੂਨੀਵਰਸਿਟੀ ਦੇ ਪਬਲੀਕੇਸ਼ਨ ਬਿਊਰੋ ਵੱਲੋਂ ਪਿਛਲੇ ਸਮੇਂ ਦੌਰਾਨ ਪ੍ਰਕਾਸ਼ਿ ?ਤ ਸੱਤ ਪੁਸਤਕਾਂ ਦਾ ਲੋਕ ਅਰਪਣ ਵੀ ਕੀਤਾ ਗਿਆ। ਪ੍ਰੋਗਰਾਮ ਦੌਰਾਨ ਮੰਚ ਸੰਚਾਲਨ ਦਾ ਕਾਰਜ ਯੁਵਕ ਭਲਾਈ ਵਿਭਾਗ ਦੇ ਇੰਚਾਰਜ ਡਾ. ਗਗਨਦੀਪ ਬਾਪਾ ਨੇ ਕੀਤਾ।

2 ਟਰੱਕਾਂ ਦੀ ਟੱਕਰ, ਅਰਬੀ ਸੜਕ 'ਤੇ ਖਿੱਲਰੀ; ਕੈਬਿਨ 'ਚ ਫਸਿਆ ਡਰਾਈਵਰ, ਨੀਂਦ ਆਉਣ ਕਾਰਨ ਹੋਇਆ ਹਾਦਸਾ

ਫਾਜ਼ਿਲਕਾ, 4 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਫਾਜ਼ਿਲਕਾ ਅਬੋਹਰ ਹਾਈਵੇ 'ਤੇ ਇਕ ਟਰੱਕ ਡਰਾਈਵਰ ਦੇ ਸੁੱਤੇ ਹੋਣ ਕਾਰਨ ਭਿਆਨਕ ਸੜਕ ਹਾਦਸਾ ਵਾਪਰ ਗਿਆ। 2 ਟਰੱਕਾਂ ਦੀ ਆਪਸ ਵਿੱਚ ਟੱਕਰ ਹੋ ਗਈ। ਹਾਦਸਾ ਇੰਨਾ ਭਿਆਨਕ ਸੀ ਕਿ ਟਰੱਕ ਦਾ ਡਰਾਈਵਰ ਗੱਡੀ ਦੇ ਵਿਚਕਾਰ ਹੀ ਫਸ ਗਿਆ।

ਲੋਕਾਂ ਨੇ ਟਰੈਕਟਰ ਦੀ ਮਦਦ ਨਾਲ ਟਰੱਕ ਦੀ ਬਾਡੀ ਨੂੰ ਸਿੱਧਾ ਕੀਤਾ ਅਤੇ ਇਕ ਘੰਟੇ ਦੀ ਮੁਸ਼ੱਕਤ ਤੋਂ ਬਾਅਦ ਬਾਹਰ ਕੱਢਿਆ। ਫਿਰ ਦੇਖਿਆ ਕਿ ਚਾਲਕ ਬੁਰੀ ਤਰ੍ਹਾਂ ਜ਼ਖਮੀ ਸੀ। ਜਿਸ

ਨੂੰ ਇਲਾਜ ਲਈ ਸਰਕਾਰੀ ਹਸਪਤਾਲ ਭੇਜਿਆ ਗਿਆ। ਜਿੱਥੇ ਉਸ ਦੀ ਹਾਲਤ ਗੰਭੀਰ ਦੇਖਦਿਆਂ ਉਸ ਨੂੰ ਫਰੀਦਕੋਟ ਰੈਫਰ ਕਰ ਦਿੱਤਾ ਗਿਆ।ਸਥਾਨਕ ਵਾਸੀ ਜਗਰਾਜ ਸਿੰਘ ਨੇ ਦੱਸਿਆ ਕਿ ਅਰਬੀ ਨਾਲ ਭਰਿਆ ਇੱਕ ਟਰੱਕ ਅਬੋਹਰ ਤੋਂ ਅਤੇ ਦੂਜਾ ਟਰੱਕ ਫਾਜ਼ਿਲਕਾ ਵੱਲੋਂ ਆ ਰਿਹਾ ਸੀ। ਇਸੇ ਦੌਰਾਨ ਪਿੰਡ ਖੂਈਖੇੜਾ ਦੀ ਢਾਣੀ ਸੈਣਭਗਤ ਨੇੜੇ ਦੋਵਾਂ ਵਿਚਾਲੇ ਟੱਕਰ ਹੋ ਗਈ।

ਨੀਂਦ ਦੀ ਝਪਕੀ ਆਉਣ ਕਾਰਣ ਹੋਇਆ ਹਾਦਸਾ

ਇਸ ਹਾਦਸੇ ਵਿੱਚ ਇੱਕ ਟਰੱਕ ਵਿੱਚ ਡਰਾਈਵਰ ਸਮੇਤ ਦੋ ਲੋਕ ਸਵਾਰ ਸਨ। ਇਨ੍ਹਾਂ ਵਿੱਚੋਂ ਇੱਕ ਟਰੱਕ ਵਿੱਚ ਬੁਰੀ ਤਰ੍ਹਾਂ ਫਸ ਗਿਆ। ਜਿਸ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਇਸੇ ਤਰ੍ਹਾਂ ਦੂਜੇ ਟਰੱਕ ਵਿੱਚ ਦੋ ਵਿਅਕਤੀ ਸਵਾਰ ਸਨ, ਜਿਨ੍ਹਾਂ ਦੇ ਵੀ ਸੱਟਾਂ ਲੱਗੀਆਂ।ਇਹ ਹਾਦਸਾ ਟਰੱਕ ਡਰਾਈਵਰ ਦੇ ਅਚਾਨਕ ਨੂੰ ਅਚਾਨਕ ਨੀਂਦ ਦੀ ਝਪਕੀ ਆਉਣ ਕਾਰਣ ਵਾਪਰਿਆ। ਜਿਸ ਤੋਂ ਬਾਅਦ ਆਸ-ਪਾਸ ਦੇ ਲੋਕ ਇਕੱਠੇ ਹੋ ਗਏ ਅਤੇ ਟਰੱਕ 'ਚ ਫਸੇ ਲੋਕਾਂ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ।

ਦੇਵ ਮਾਨ ਨੇ ਅਜੇ ਜਿੰਦਲ ਨੂੰ ਟਰੇਡ ਵਿੰਗ ਦਾ ਜੁਆਇੰਟ ਸਕੱਤਰ ਪੰਜਾਬ ਲੱਗਣ 'ਤੇ ਕੀਤਾ ਸਨਮਾਨਿਤ

ਨਾਭਾ, 4 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਨੌਜਵਾਨਾਂ ਨੂੰ ਪਾਰਟੀ ਪ੍ਰਤੀ ਵਧੀਆ ਸੇਵਾਵਾਂ ਨਿਭਾਉਣ ਤੇ ਬਣਦਾ ਮਾਨ ਸਨਮਾਨ ਦਿੱਤਾ ਜਾ ਰਿਹਾ ਹੈ। ਇਸ ਲੜੀ ਦੇ ਤਹਿਤ ਅੱਜ ਹਲਕਾ ਵਿਧਾਨ ਸਭਾ ਨਾਭਾ ਤੋਂ ਜ਼ਿਲ੍ਹਾ ਪਟਿਆਲਾ ਦੇ ਆਪ ਵਪਾਰ ਮੰਡਲ ਪ੍ਰਧਾਨ ਅਜੇ ਜਿੰਦਲ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਟਰੇਡ ਵਿੰਗ ਦਾ ਜੁਆਇੰਟ ਸਕੱਤਰ ਪੰਜਾਬ ਨਿਯੁਕਤ ਕੀਤਾ ਗਿਆ। ਨਿਯੁਕਤ ਹੋਣ ਉਪਰੰਤ ਹਲਕਾ ਵਿਧਾਨ ਸਭਾ ਨਾਭਾ ਤੋਂ ਆਪ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਅਜੇ ਜਿੰਦਲ ਨੂੰ ਵਧਾਈਆਂ ਦਿੰਦੇ ਹੋਏ ਸਿਰੋਪਾ ਪਾ ਕੇ ਸਨਮਾਨਿਤ

• ਡਾ. ਹਰਸ਼ਿੰਦਰ ਕੌਰ
0175-2216783

ਦੁਨੀਆ 'ਚ ਖ਼ੁਸ਼ੀ ਦਾ ਗਰਾਫ਼

ਕੁਦਰਤ ਨੇ ਚੁਫ਼ੇਰੇ ਜ਼ਿੰਦਗੀ ਜਿਊਣ ਦਾ ਢੰਗ ਸਮਝਾਉਣ ਦਾ ਜਤਨ ਕੀਤਾ ਹੈ। ਡੂੰਘਾ ਪਾਣੀ ਸ਼ਾਂਤ ਵਹਿੰਦਾ ਹੈ ਪਰ ਥੋੜ੍ਹਾ ਪਾਣੀ ਸ਼ੋਰ ਮਚਾਉਂਦਾ ਲੰਘਦਾ ਹੈ। ਇਹੀ ਵਧੀਆ ਸ਼ਖ਼ਸੀਅਤ ਵਾਲੇ ਇਨਸਾਨ ਦਾ ਗੁਣ ਹੋਣਾ ਚਾਹੀਦਾ ਹੈ। ਪਾਣੀ ਭਾਵੇਂ ਨਿਵਾਣ ਵੱਲ ਵਹੇ ਪਰ ਪੱਥਰ ਚੀਰ ਕੇ ਰਾਹ ਬਣਾ ਸਕਦਾ ਹੈ...

ਅਮਰੀਕਾ ਦੀ ਜੀ.ਡੀ.ਪੀ. ਸਭ ਤੋਂ ਵੱਧ ਹੈ ਪਰ ਜੂਆ, ਇੰਟਰਨੈੱਟ ਦੀ ਹੱਦੋਂ ਵੱਧ ਵਰਤੋਂ, ਸ਼ਰਾਬ, ਵੀਡੀਓ ਗੇਮਾਂ, ਖ਼ਰੀਦੋ ਫਰੋਖ਼ਤ, ਫਾਸਟ ਫੂਡਜ਼, ਆਦਿ ਦੀ ਵੀ ਹੱਦੋਂ ਵੱਧ ਵਰਤੋਂ ਉਨ੍ਹਾਂ ਨੂੰ ਖ਼ੁਸ਼ੀ ਦਾ ਅਹਿਸਾਸ ਕਰਨ ਦਾ ਵਕਤ ਨਹੀਂ ਦਿੰਦੇ। ਇਹ ਲੱਭਿਆ ਗਿਆ ਕਿ ਜਿਹੜੇ ਖ਼ੁਸ਼ ਹੋਣ ਉਹ ਲੋਕਤੰਤਰ ਪਸੰਦ ਕਰਦੇ ਹਨ ਤੇ ਵੋਟ ਪਾਉਂਦੇ ਹਨ।

ਭਲਾ ਭਾਰਤ ਵਿਚ ਲੋਕ ਖ਼ੁਸ਼ ਕਿਉਂ ਨਹੀਂ ਹਨ? ਕਿਉਂ ਭਾਰਤੀ ਲੋਕਾਂ ਦੀ ਖ਼ੁਸ਼ੀ ਦਾ ਗ੍ਰਾਫ਼ ਹੇਠਾਂ ਜਾ ਰਿਹਾ ਹੈ?

ਭਾਰਤੀ ਸੱਭਿਆਚਾਰ ਵਿਚ ਟੱਬਰ ਨੂੰ ਗੂੰਦ ਕੇ ਰੱਖਣ ਅਤੇ ਜ਼ਿੰਮੇਵਾਰੀਆਂ ਲੱਦਣ ਦਾ ਬਹੁਤ ਵੱਡਾ ਨੁਕਤਾ ਸ਼ਾਮਲ ਹੈ। ਇਸ ਤੋਂ ਇਲਾਵਾ ਸਹੀ ਮੌਕੇ ਦੀ ਉਡੀਕ ਵਿਚ ਲਗਪਗ ਪੂਰੀ ਉਮਰ ਹੀ ਲੰਘਾ ਦਿੱਤੀ ਜਾਂਦੀ ਹੈ। ਇਹ ਸਹੀ ਸਮਾਂ ਜਦੋਂ ਪਤਲੇ ਹੋਵਾਂਗੇ, ਜਦੋਂ ਬੱਚੇ ਹੋਣਗੇ, ਜਦੋਂ ਦੀਵਾਲੀ ਆਏਗੀ, ਜਦੋਂ ਤਨਖ਼ਾਹ ਮਿਲੇਗੀ, ਜਦੋਂ ਗਰਮੀਆਂ ਦੀਆਂ ਛੁੱਟੀਆਂ ਹੋਣਗੀਆਂ ਆਦਿ ਨਾਲ ਸਾਡਾ ਦਿਮਾਗ਼ ਇਹ ਸੋਚ ਪਾਲ ਲੈਂਦਾ ਹੈ ਕਿ ਹਾਲੇ ਮੌਜ ਮਸਤੀ, ਵਿਹਲੇ ਹੋਣ ਜਾਂ ਖ਼ੁਸ਼ ਹੋਣ ਦਾ ਸਹੀ ਸਮਾਂ ਨਹੀਂ ਹੈ।

ਕਈ ਜਣੇ 'ਸਹੀ ਸਮਾਂ' ਰਿਟਾਇਰਮੈਂਟ ਤੋਂ ਬਾਅਦ ਦਾ ਮੰਨ ਲੈਂਦੇ ਹਨ। ਕੁਝ ਘਰ ਬਣ ਜਾਣ ਬਾਅਦ ਨੂੰ ਤੇ ਕੁੱਝ ਵਧੀਆ ਸਰਕਾਰੀ ਨੌਕਰੀ ਹਾਸਲ ਕਰਨ ਤਕ ਉਡੀਕਦੇ ਰਹਿੰਦੇ ਹਨ।

ਅਜਿਹੀ ਮੰਜ਼ਿਲ ਹਾਸਲ ਕਰਨ ਵੇਲੇ ਤਕ ਦਾ ਸਮਾਂ, ਆਪਣੇ ਆਪ ਹੀ ਕੰਮ ਕਰਦੇ ਰਹਿਣ, ਮਿਹਨਤ ਕਰਨ ਤੇ ਤਣਾਓ ਅਧੀਨ ਰਹਿਣ ਉੱਤੇ ਮਜਬੂਰ ਕਰ ਦਿੰਦਾ ਹੈ ਕਿਉਂਕਿ ਦਿਮਾਗ਼ ਸਿਰਫ਼ ਉਸੇ ਨੁਕਤੇ ਉੱਤੇ ਹੀ ਟਿਕ ਜਾਂਦਾ ਹੈ ਕਿ ਖ਼ੁਸ਼ੀ ਮਿਲਣ ਦਾ ਕਾਰਨ ਹਾਲੇ ਹਾਸਲ ਨਹੀਂ ਹੋਇਆ। ਸੋ ਹੋਰ ਨਿੰਨ ਕੇ ਕੰਮ ਕਰਦੇ ਰਹੋ, ਭਾਵੇਂ ਲੁੱਟਾਂ-ਖੋਹਾਂ ਹੀ ਕਿਉਂ ਨਾ ਕਰਨੀਆਂ ਪੈਣ!

ਕਈ ਵਾਰ 'ਉਹ ਸਮਾਂ' ਆਉਂਦਾ ਹੀ ਨਹੀਂ। ਅਜਿਹੀ ਜ਼ਿੰਦਗੀ ਸਿਰਫ਼ ਜੂਝਣ, ਢਹਿੰਦੀ ਕਲਾ ਸਮੇਟਣ ਤੇ ਕੰਮ ਕਾਰ ਕਰਦਿਆਂ ਹੀ ਮੁੱਕ ਜਾਂਦੀ ਹੈ।

'ਜਦੋਂ' ਦੇ ਚੱਕਰਵਿਊ ਵਿਚ ਮਨ ਆਪਣੇ ਆਲੇ-ਦੁਆਲੇ ਦੇ ਖ਼ੁਸ਼ੀ ਦੇ ਮੌਕਿਆਂ ਦਾ ਇਹਸਾਸ ਹੀ ਨਹੀਂ ਕਰ ਸਕਦਾ।

ਅਜਿਹੀ ਹੀ ਇਕ 'ਜਦੋਂ' ਹੁੰਦੀ ਹੈ, ਕਰੋੜਪਤੀ ਬਣਨ ਦੀ ਚਾਹ। ਇਹ ਲੋੜ ਬੰਦੇ ਨੂੰ ਵਿਆਹ ਦੇ ਸਮਾਗਮ ਉੱਤੇ ਵੀ ਆਪਣੇ ਮੋਬਾਈਲ ਉੱਤੇ ਆਪਣੇ ਅਧੀਨ ਕੰਮ ਕਰਦੇ ਲੋਕਾਂ ਨੂੰ ਨਸੀਹਤਾਂ ਦੇਣ, ਹੁਕਮ ਦੇਣ ਜਾਂ ਆਰਡਰ ਮੰਗਵਾਉਣ ਤਕ ਹੀ ਸੀਮਤ ਕਰ ਦਿੰਦੀ ਹੈ। ਆਲੇ-ਦੁਆਲੇ ਖਿੱਲਰੇ ਹਾਸੇ ਵੀ ਅਜਿਹੇ ਇਨਸਾਨ ਨੂੰ ਸ਼ੋਰ ਸ਼ਰਾਬਾ ਲੱਗਦੇ ਹਨ। ਫ਼ੋਨ ਸੁਣਨ ਲਈ ਦੂਜੇ ਕੰਨ ਉੱਤੇ ਉਂਗਲ ਰੱਖ ਕੇ ਹਾਸੇ ਦੀ ਆਵਾਜ਼ ਬੰਦ ਕਰਨ ਜਾਂ ਉਸ ਥਾਂ ਤੋਂ ਬਾਹਰ ਨਿਕਲਣਾ ਆਮ ਹੀ ਰੁਝਾਨ ਬਣ ਚੁੱਕਿਆ ਹੈ। ਵਿਰਲਾ ਹੀ ਕੋਈ ਵਿਆਹ ਦੇ ਸਮਾਗਮਾਂ ਜਾਂ ਦੋਸਤਾਂ ਵਿਚ ਬਹਿ ਕੇ ਆਪਣਾ ਮੋਬਾਈਲ ਬੰਦ ਕਰਦਾ ਹੈ।

ਬਿਲਕੁਲ ਇੰਜ ਹੀ ਘਰ ਮੁੜਦਿਆਂ ਬੱਚੇ ਨੂੰ ਜੱਫੀ ਪਾਉਂਦਿਆਂ ਫ਼ੋਨ ਵੱਜ ਪਵੇ ਤਾਂ ਬੱਚਾ ਪਰ੍ਹਾਂ ਧੱਕ ਕੇ, ਬੱਚੇ ਨੂੰ ਖਿਝ ਕੇ ਚੁੱਪ ਕਰਵਾ ਕੇ, ਆਪਣੇ ਫ਼ੋਨ ਉੱਤੇ ਹਦਾਇਤਾਂ ਦੇਣੀਆਂ ਜਾਂ ਸੁਣਨ ਨੂੰ ਤਰਜੀਹ ਦਿੱਤੀ ਜਾਂਦੀ ਹੈ।

ਜਦੋਂ ਹੀ ਕਰੋੜਪਤੀ ਵਾਲੀ ਸੋਚ ਪੂਰੀ ਹੋ ਜਾਵੇ ਤਾਂ ਹੋਰ ਕਮਾਉਣ ਦੀ ਚਾਹ ਜਕੜ ਲੈਂਦੀ ਹੈ। ਇਸੇ ਤਰ੍ਹਾਂ ਕਰਦਿਆਂ ਸਾਈਕਲ ਦੇ ਪਹੀਏ ਵਾਂਗ ਘੁੰਮਦਿਆਂ ਜ਼ਿੰਦਗੀ ਮੁੱਕ ਜਾਂਦੀ ਹੈ ਪਰ ਕਰੋੜਪਤੀ ਤੋਂ ਖ਼ਰਬਾਂਪਤੀ ਬਣਨ ਦਾ ਚੱਕਰ ਨਹੀਂ ਮੁੱਕਦਾ।

ਇਹੋ ਜਿਹੇ ਲੱਖਾਂ ਲੋਕ ਇਸ ਵੇਲੇ ਤਣਾਓ ਅਧੀਨ ਘੁੰਮ ਰਹੇ ਹਨ ਕਿਉਂਕਿ ਇਹ ਸਾਰੇ ਆਪਣੇ 'ਜਦੋਂ' ਦੀ ਲੋੜ ਪੂਰੀ ਕਰਨ ਨੂੰ ਕਾਹਲੇ ਜ਼ਿੰਦਗੀ ਜੀਊਣ ਭਾਰੇ ਭੁੱਲ ਚੁੱਕੇ ਹਨ।

ਇਹੀ ਤਣਾਓ ਤੇ ਹੋਰ ਪਾਉਣ ਦੀ ਚਾਹ ਜਨਮ ਦਿੰਦੀ ਹੈ ਮਾਨਸਿਕ ਤੇ ਸਰੀਰਕ ਰੋਗਾਂ ਨੂੰ। ਕੋਈ ਹਾਰਟ ਅਟੈਕ, ਕੋਈ ਬਲੱਡ ਪ੍ਰੈੱਸ਼ਰ, ਕੋਈ ਕੈਂਸਰ, ਐਲਰਜੀ, ਚਮੜੀ ਦੇ ਰੋਗ, ਜੋੜਾਂ ਦੇ ਦਰਦ, ਨਿਪੁੰਸਕਤਾ, ਦਮਾ, ਪਾਸਾ ਮਾਰਿਆ ਜਾਣਾ, ਐਨਜਾਈਨਾ, ਸ਼ੱਕਰ ਰੋਗ, ਆਦਿ ਨਾਲ ਜੂਝਦਾ ਤੇ ਆਪਣੇ ਨਸੀਬ ਨੂੰ ਕੋਸਦਾ ਹੌਲੀ-ਹੌਲੀ ਕੋਈ ਆਸਰਾ ਭਾਲਦਾ ਕਿਸੇ ਵੈਦ, ਹਕੀਮ, ਜੋਤਸ਼ੀ ਜਾਂ ਬਾਬੇ ਕੋਲ ਪਹੁੰਚ ਜਾਂਦਾ ਹੈ ਕਿ ਜ਼ਿੰਦਗੀ ਵਿਚ ਖ਼ੁਸ਼ੀ ਹੈ ਹੀ ਨਹੀਂ, ਨਿਰਾ ਕਲੇਸ਼ ਤੇ ਦੁੱਖ ਹੀ ਹੈ! ਫਿਰ ਉਸ ਤੋਂ ਨਿਜਾਤ ਪਾਉਣ ਲਈ ਹਰ ਕਿਸਮ ਦੇ ਢਕੌਸਲੇ ਸ਼ੁਰੂ ਹੋ ਜਾਂਦੇ ਹਨ।

ਕੋਈ ਕਾਲੀ ਦਾਲ ਵੰਡਣ ਦੇ ਚੱਕਰ ਵਿਚ, ਕੋਈ ਅਖੰਡ ਪਾਠ ਕਰਵਾਉਣ, ਕੋਈ ਹਰਿਦੁਆਰ ਜਾਣ ਤੇ ਕੋਈ ਕੀੜੀਆਂ ਨੂੰ ਚੋਲ ਪਾਉਣ ਵੱਲ ਰੁੱਝ ਜਾਂਦਾ ਹੈ। ਇਨ੍ਹਾਂ ਵਿੱਚੋਂ ਕੋਈ ਆਪਣੇ ਹੀ ਬੱਚੇ ਦਾ ਪਹਿਲਾ ਕਦਮ ਪੁੱਟਣ ਉੱਤੇ ਖ਼ੁਸ਼ੀ ਨਾਲ ਝੂਮ ਕੇ ਖਿੜਖਿੜਾ ਕੇ ਹੱਸਦਾ ਨਹੀਂ। ਨਾ ਹੀ ਇਨ੍ਹਾਂ ਵਿੱਚੋਂ ਕਿਸੇ ਨੂੰ ਇਹ ਪਤਾ ਹੁੰਦਾ ਹੈ ਕਿ ਅੱਜ ਉਨ੍ਹਾਂ ਦੇ ਬੱਚੇ ਨੇ ਪੈਨਸਿਲ ਨਾਲ ਪਹਿਲੀ ਟੇਢੀ ਮੇਢੀ ਲਕੀਰ ਕਾਗਜ਼ ਉੱਤੇ ਵਾਹੀ ਹੈ ਜਿਸ ਨੂੰ ਵਿਖਾਉਣ ਲਈ ਬੱਚਾ ਆਪਣੇ ਮਾਪਿਆਂ ਕੋਲ ਰਿੜ੍ਹਦਾ ਆਪਣੀ ਤੋਤਲੀ ਜ਼ਬਾਨ ਨਾਲ ਬੁਲਾਉਂਦਾ, ਮੋਹ ਜਤਾਉਂਦਾ ਘੁੰਮ ਰਿਹਾ ਹੈ।

ਆਪਣੇ ਹੀ ਫ਼ੋਨਾਂ ਵਿਚ ਰੁੱਝੇ, ਇਕ ਦੂਜੇ ਨੂੰ ਮਿਹਣੇ ਮਾਰਦੇ ਤੇ ਆਪਣੀ ਫੁੱਟੀ ਕਿਸਮਤ ਨੂੰ ਕੋਸਦੇ ਬਥੇਰੇ ਜਣੇ ਅਜਿਹੇ ਖ਼ੁਸ਼ੀ ਵਾਲੇ ਪਲ ਮਹਿਸੂਸ ਕਰ ਹੀ ਨਹੀਂ ਸਕਦੇ। ਇਸ ਦੇ ਨਾਲ ਜੁੜ ਜਾਂਦਾ ਹੈ ਦੂਜੇ ਨਾਲ ਆਪਣੇ ਆਪ ਨੂੰ ਮੇਚਣਾ! ਦੂਜੇ ਦੀ ਆਮਦਨ ਮੇਰੇ ਤੋਂ ਵੱਧ, ਦੂਜਾ ਮੇਰੇ ਤੋਂ ਵੱਧ ਖ਼ੁਸ਼, ਉਸ ਦੀ ਵਹੁਟੀ ਸੋਹਣੀ, ਉਸ ਦੀ ਬੇਟੀ ਵਧੀਆ ਨੌਕਰੀ 'ਤੇ, ਉਸ ਦਾ ਘਰ ਵੱਡਾ, ਉਸ ਦੀ ਕਾਰ ਵੱਡੀ, ਉਸ ਕੋਲ ਨੌਕਰ ਵੱਧ, ਰੁਤਬਾ ਵੱਡਾ, ਆਦਿ ਦੀ ਸੋਚ ਮਨ ਦੇ ਕਿਸੇ ਕੋਨੇ ਵਿਚ ਫਸੀ ਰਤਾ ਮਾਸਾ ਖ਼ੁਸ਼ੀ ਵੀ ਬਾਹਰ ਕੱਢ ਕੇ ਸਿਰਫ਼ ਨਿਰਾਸ਼ਾ ਭਰ ਦਿੰਦੇ ਹਨ। ਇੰਜ ਦੂਜੇ ਨੂੰ ਢਾਅ ਲਾਉਣ ਦਾ ਸਿਲਸਿਲਾ ਵੀ ਚਾਲੂ ਹੋ ਜਾਂਦਾ ਹੈ ਕਿ ਦੂਜੇ ਨੂੰ ਹੇਠਾਂ ਖਿੱਚਾਂਗੇ ਤਾਂ ਹੀ ਖ਼ੁਸ਼ੀ ਮਹਿਸੂਸ ਹੋਵੇਗੀ।

ਵੱਡੀ ਪੱਧਰ ਉੱਤੇ ਅਜਿਹੀ ਸੋਚ ਪਸਰੀ ਵੇਖ ਕੇ ਤਣਾਓ ਮੀਟਰ ਨੇ ਆਪੇ ਉੱਤੇ ਚੜ੍ਹ ਜਾਣਾ ਹੋਇਆ ਤੇ ਖ਼ੁਸ਼ੀ ਦੇ ਮੀਟਰ ਨੇ ਜ਼ੀਰੋ ਉੱਤੇ ਪਹੁੰਚ ਜਾਣਾ ਹੋਇਆ।

ਜਦੋਂ ਕਾਲੀ ਦਾਲ ਵੰਡਣ ਬਾਅਦ ਵੀ ਖ਼ੁਸ਼ੀ ਵਾਪਸ ਨਾ ਮਿਲੇ ਤਾਂ ਖਿਝ ਤੇ ਗੁੱਸੇ ਨਾਲ ਭਰੇ ਕੁਝ ਲੋਕ ਆਪਣੇ ਘਰ ਦੇ ਬੱਚਿਆਂ ਤੇ ਵਹੁਟੀ ਨੂੰ ਮਾਰਨ ਕੁੱਟਣ ਲੱਗ ਪੈਂਦੇ ਹਨ।

ਜਦੋਂ ਗੁੱਸੇ ਤੇ ਖਿਝ ਦੀ ਚਰਮ ਸੀਮਾ ਹੋਵੇ ਤਾਂ ਕਤਲ ਜਾਂ ਬਲਾਤਕਾਰ ਤਕ ਕਰ ਦਿੱਤਾ ਜਾਂਦਾ ਹੈ। ਇਹ ਸਭ ਕਰਨ ਬਾਅਦ ਵੀ ਖ਼ੁਸ਼ੀ ਨਦਾਰਦ! ਖ਼ੁਸ਼ੀ ਹੈ ਤਾਂ ਚੁਫ਼ੇਰੇ ਪਰ ਅਸੀਂ ਮਹਿਸੂਸ ਕਰਨਾ ਭੁੱਲ ਚੁੱਕੇ ਹਾਂ। 'ਹੋਰ' ਤੇ 'ਜਦੋਂ' ਦੇ ਚੱਕਰਵਿਊ ਵਿਚ ਸ਼ੁਕਰਾਨਾ ਕਿਧਰੇ ਗੁੰਮ ਹੋ ਗਿਆ ਹੈ। ਖ਼ੁਸ਼ੀ ਲੱਭਣ ਲਈ ਰਸਤਾ ਭਾਲਦਿਆਂ ਰਸਤੇ ਵਿਚ ਪਈ ਖ਼ੁਸ਼ੀ ਨੂੰ ਮਿੱਧ ਕੇ ਲੰਘ ਜਾਂਦੇ ਹਾਂ।

ਹਰ ਰੋਜ਼ ਸੂਰਜ ਦੀ ਪਹਿਲੀ ਕਿਰਨ ਨਾਲ ਸਾਰੇ ਘਰਾਂ ਵਿਚ ਖ਼ੁਸ਼ੀ ਵੜਦੀ ਹੈ, ਪਰ ਕਿੰਨੇ ਜਣੇ ਮਹਿਸੂਸ ਕਰ ਰਹੇ ਹਨ? ਲੱਖਾਂ ਅੱਜ ਦੇ ਦਿਨ ਦੁਨੀਆ ਭਰ ਵਿਚ ਕੂਚ ਕਰ ਚੁੱਕੇ ਹਨ ਜਾਂ ਜਾਣੇ ਹਨ, ਪਰ ਅਸੀਂ ਅੱਖਾਂ ਖੋਲ੍ਹ ਕੇ ਨਵਾਂ ਦਿਨ ਚੜ੍ਹਦੇ ਵੇਖਿਆ ਹੈ। ਹੋ ਗਏ ਨਾ ਅਸੀਂ ਵਿਲੱਖਣ! ਕਿੰਨੀ ਖ਼ੁਸ਼ੀ ਦੀ ਗੱਲ ਹੈ ਕਿ ਅਸੀਂ ਜ਼ਿੰਦਾ ਹਾਂ! ਜੇ ਜ਼ਿੰਦਾ ਹਾਂ, ਤਾਂ ਹੀ ਕੁਝ ਕਰ ਸਕਾਂਗੇ, ਵਰਨਾ ਤਾਂ ਘਰ ਵਿਚ ਮਾਤਮ ਹੁੰਦਾ! ਇਕ ਹੋਰ ਦਿਨ ਜ਼ਿੰਦਗੀ ਦਾ ਮਿਲ ਗਿਆ! ਜਸ਼ਨ ਦੀ ਗੱਲ ਹੋ ਗਈ। ਇਸ ਦਾ ਮਤਲਬ ਹੈ ਕਿ ਖ਼ੁਸ਼ੀ ਤਾਂ ਅੱਖਾਂ ਖੋਲ੍ਹਦੇ ਹੀ ਮਿਲ ਗਈ।

ਵਰਲਡ ਇਕੋਨੌਮਿਕ ਫੋਰਮ ਵੱਲੋਂ '2019 ਵਰਲਡ ਹੈੱਪੀਨੈੱਸ' ਰਿਪੋਰਟ ਵਿਚ 156 ਮੁਲਕਾਂ ਉੱਤੇ ਕੀਤੇ ਸਰਵੇਖਣ ਅਨੁਸਾਰ :-

ਫਿਨਲੈਂਡ-ਪਹਿਲਾ ਨੰਬਰ	ਕਨੇਡਾ
ਡੈਨਮਾਰਕ	ਆਸਟ੍ਰੀਆ
ਨਾਰਵੇ	ਯੂ.ਕੇ. 15ਵੇਂ ਨੰਬਰ
ਆਈਸਲੈਂਡ	ਆਇਰਲੈਂਡ 16ਵੇਂ
ਨੀਦਰਲੈਂਡ/ਹੋਲੈਂਡ	ਯੂ.ਐਸ.ਏ. 19ਵੇਂ ਨੰਬਰ
ਸਵਿਟਜ਼ਰਲੈਂਡ	ਪਾਕਿਸਤਾਨ 67ਵੇਂ
ਸਵੀਡਨ	ਭਾਰਤ 140ਵੇਂ
ਨਿਊਜ਼ੀਲੈਂਡ	

ਕਿਸ ਆਧਾਰ ਉੱਤੇ :-

1. ਜੀ.ਡੀ.ਪੀ
2. ਸਰਕਾਰੀ ਮਦਦ ਤੇ ਇਕ ਦੂਜੇ ਦਾ ਸਹਾਰਾ ਬਣਨਾ
3. ਲੰਮੀ ਉਮਰ ਭੋਗਣਾ
4. ਆਪਣੀ ਜ਼ਿੰਦਗੀ ਨੂੰ ਜਿਊਣ ਦਾ ਢੰਗ ਆਪਣੇ ਹਿਸਾਬ ਨਾਲ
5. ਭ੍ਰਿਸ਼ਟਾਚਾਰ
6. ਖੁੱਲ੍ਹਦਿਲੀ

ਦੂਜੀ ਵੱਡੀ ਗੱਲ! ਅਸੀਂ ਵੇਖ ਸਕਦੇ ਹਾਂ! ਕਿੰਨੇ ਅੱਜ ਦੇ ਦਿਨ ਉੱਠ ਕੇ ਵੇਖ ਨਹੀਂ ਸਕੇ! ਕੁਝ ਸੁਣ ਨਹੀਂ ਸਕੇ, ਕੁਝ ਤੁਰ ਨਹੀਂ ਸਕੇ! ਅਸੀਂ ਵੇਖਿਆ ਵੀ, ਚਿੜੀਆਂ ਦਾ ਚਹਿਕਣਾ ਸੁਣਿਆ ਵੀ ਤੇ ਆਪਣੇ ਪੈਰਾਂ ਉੱਤੇ ਖੜ੍ਹੇ ਵੀ ਹੋ ਸਕੇ ਹਾਂ! ਫਿਰ ਭਲਾ ਹੱਥ ਜੋੜ ਕੇ ਕੁਦਰਤ ਦਾ ਧੰਨਵਾਦ ਕਿਉਂ ਨਹੀਂ ਕੀਤਾ?

ਇਹ ਧੰਨਵਾਦ ਤੇ ਸ਼ੁਕਰਾਨਾ ਹੀ ਖ਼ੁਸ਼ੀ ਦੇ ਮੀਟਰ ਵਿਚ ਵਾਧਾ ਕਰਦਾ ਹੈ। ਅੱਜ ਪੂਰਾ ਦਿਨ ਅਸੀਂ ਤੁਰ ਫਿਰ ਕੇ, ਕੰਮ ਕਰ ਕੇ, ਪੈਸਾ ਕਮਾ ਕੇ ਰਾਤ ਮੰਜੇ ਉੱਤੇ ਪੈ ਸਕੇ ਹਾਂ। ਇਸ ਦਾ ਮਤਲਬ ਹੈ ਅਨੇਕ ਖ਼ੁਸ਼ੀ ਦੇ ਪਲ ਅਸੀਂ ਵੇਖੇ ਹੋਣਗੇ ਪਰ ਮਹਿਸੂਸ ਨਹੀਂ ਕੀਤੇ। ਇਸ ਦਾ ਮਤਲਬ ਹੈ ਕਿ ਰਾਤ ਨੂੰ ਸੌਣ ਤੋਂ ਪਹਿਲਾਂ ਵੀ ਆਪਣੇ ਜ਼ਿੰਦਾ ਰਹਿਣ ਤੇ ਤੰਦਰੁਸਤ ਰਹਿਣ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ।

ਖ਼ੁਸ਼ੀ ਹਾਸਲ ਕਰਨ ਲਈ ਤਾਂ ਏਨਾ ਹੀ ਬਥੇਰਾ ਹੁੰਦਾ ਹੈ ਕਿ ਲੰਘਦੇ ਜਾਂਦੇ ਬੰਦਿਆਂ ਵੱਲ ਵੇਖ ਕੇ ਮੁਸਕਰਾ ਲਿਆ ਜਾਏ। ਜਿਹੜਾ ਫ਼ੋਨ ਤੋਂ ਪਰ੍ਹਾਂ ਹੋਏਗਾ ਤੇ ਖਿਝਦਾ ਕ੍ਰਿਝਦਾ ਨਾ ਲੰਘਿਆ ਹੋਵੇਗਾ, ਉਨ੍ਹਾਂ ਵਿੱਚੋਂ ਕੋਈ ਇਕ ਹੋ ਸਕਦਾ ਹੈ, ਮੁਸਕਾਨ ਦੇ ਬਦਲੇ ਚਿਹਰੇ ਉੱਤੇ ਮੁਸਕਾਨ ਲੈ ਆਵੇ! ਲਓ ਜੀ ਹੋ ਗਿਆ ਸਿਲਸਿਲਾ ਸ਼ੁਰੂ ਖ਼ੁਸ਼ੀ ਹਾਸਲ ਕਰਨ ਦਾ!

ਨਾ ਦਾਲ ਵੰਡਣੀ ਪਈ, ਨਾ ਡੇਰੇ ਦੇ ਗੇੜੇ ਤੇ ਖ਼ੁਸ਼ੀ ਆਪਣੇ ਆਪ ਹਾਸਲ ਹੋ ਗਈ। ਕੰਮ ਕੀ ਕੀਤਾ? ਸਿਰਫ਼ ਮੱਥੇ ਉੱਤੇ ਪਈਆਂ ਤਿਊੜੀਆਂ ਹਟਾ ਕੇ ਬੁੱਲ੍ਹਾਂ ਨੂੰ ਫਰਕਣ ਦੀ ਖੁੱਲ੍ਹ ਦਿੱਤੀ!

ਘਰ ਵਾਪਸ ਪਹੁੰਚ ਕੇ ਬੱਚਿਆਂ ਨੂੰ ਘੁੱਟ ਕੇ ਪਾਈ ਜੱਫੀ ਤੇ ਵਹੁਟੀ ਨਾਲ ਕੀਤੀਆਂ ਦੋ ਪਿਆਰ ਦੀਆਂ ਗੱਲਾਂ ਜਾਂ ਦੋਸਤ ਨਾਲ ਕੀਤਾ ਖ਼ੁਸ਼ੀ ਦਾ ਇਜ਼ਹਾਰ ਹੀ ਮਨ ਨੂੰ ਮਹਿਕਾਉਣ ਲਈ ਬਥੇਰਾ ਹੁੰਦਾ ਹੈ।

ਕੁਦਰਤ ਨੇ ਤਾਂ ਚੁਫ਼ੇਰੇ ਜ਼ਿੰਦਗੀ ਜੀਊਣ ਦਾ ਢੰਗ ਸਮਝਾਉਣ ਦਾ ਜਤਨ ਕੀਤਾ ਪਿਆ ਹੈ। ਡੂੰਘਾ ਪਾਣੀ ਸ਼ਾਂਤ ਵਹਿੰਦਾ ਹੈ ਪਰ ਥੋੜ੍ਹਾ ਪਾਣੀ ਸ਼ੋਰ ਮਚਾਉਂਦਾ ਲੰਘਦਾ ਹੈ। ਇਹੀ ਵਧੀਆ ਸ਼ਖ਼ਸੀਅਤ ਵਾਲੇ ਇਨਸਾਨ ਦਾ ਗੁਣ ਹੋਣਾ ਚਾਹੀਦਾ ਹੈ। ਪਾਣੀ ਭਾਵੇਂ ਨਿਵਾਣ ਵੱਲ ਵਹੇ, ਪਰ ਉਸ ਵਿਚ ਤਾਕਤ ਹੈ ਕਿ ਸਾਹਮਣੇ ਪਏ ਪੱਥਰ ਨੂੰ ਚੀਰ ਕੇ ਆਪਣਾ ਰਾਹ ਬਣਾ ਸਕਦਾ ਹੈ। ਮਿੱਟੀ ਵੀ ਤਾਂ ਹਰ ਤਰ੍ਹਾਂ ਦੇ ਰੂਪ ਵਿਚ ਢਲ ਜਾਂਦੀ ਹੈ, ਭਾਵੇਂ ਫਸਲ ਹੋਵੇ ਤੇ ਭਾਵੇਂ ਨਦੀਨ, ਆਪਣੇ ਵਿਚ ਉੱਗ ਲੈਣ ਦਿੰਦੀ ਹੈ। ਸਾਰੇ ਜਣੇ ਰਲ ਮਿਲ ਕੇ ਖੇੜਾ ਵੰਡਦੇ ਰਹਿਣ ਤੇ ਇਕ ਦੂਜੇ ਨਾਲ ਮਿਲਵਰਤਣ ਰੱਖਣ। ਇਕ ਜਣਾ ਗੁੱਸੇ ਵਿਚ ਹੈ ਤਾਂ ਦੂਜਾ ਕੁਝ ਪਲ ਸ਼ਾਂਤ ਰਹਿ ਜਾਵੇ! ਜਿਉਂ ਹੀ ਪਹਿਲੇ ਦਾ ਗੁੱਸਾ ਘਟਿਆ, ਉਸ ਆਪੇ ਨੇੜੇ ਆ ਜਾਣਾ ਹੈ। ਪਰ, ਇਕ ਗੱਲ ਦਾ ਧਿਆਨ ਰੱਖਣਾ ਜ਼ਰੂਰੀ ਹੈ। ਜੋ ਬੀਜਿਆ ਜਾਵੇ, ਉੱਗਦਾ ਉਹੀ ਹੈ। ਧਤੂਰਾ ਬੀਜ ਕੇ ਅੰਬ ਨਹੀਂ ਲਾਹੇ ਜਾ ਸਕਦੇ।

ਇੰਜ ਹੀ ਗੁੱਸਾ ਵੰਡਣ ਨਾਲ ਪਿਆਰ ਹਾਸਲ ਨਹੀਂ ਹੋ ਸਕਦਾ ਤੇ ਨਾ ਹੀ ਖ਼ੁਸ਼ੀ! ਸੋ ਖ਼ੁਸ਼ੀ ਹਾਸਲ ਕਰਨ ਲਈ ਵੰਡਣੀ ਵੀ ਖ਼ੁਸ਼ੀ ਹੀ ਪੈਂਦੀ ਹੈ, ਕਾਲੀ ਦਾਲ ਨਹੀਂ! ਔਖੇ ਸਮੇਂ ਵਿਚ ਵੀ ਜ਼ਿੰਦਾ ਰਹਿਣ ਦਾ ਸ਼ੁਕਰਾਨਾ ਕਰਦੇ ਸਾਰ ਉਹ ਸਮਾਂ ਜਰ ਜਾਣ ਦੀ ਹਿੰਮਤ ਮਿਲ ਜਾਂਦੀ ਹੈ। ਫਿਰ ਉਡੀਕ ਕਾਹਦੀ ਹੈ? ਚਲੋ ਸਾਰੇ ਰਲ ਮਿਲ ਕੇ ਭਾਰਤੀ ਲੋਕਾਂ ਦੇ ਖ਼ੁਸ਼ੀ ਦੇ ਮੀਟਰ ਨੂੰ ਉਤਾਹਾ ਚੁੱਕੀਏ ਤੇ ਦੁਨੀਆ ਦੇ ਚੋਟੀ ਦੇ 10 ਮੁਲਕਾਂ ਵਿਚ ਸ਼ਾਮਲ ਹੋ ਜਾਈਏ!

ਇਹ ਵੀ ਚੇਤੇ ਰੱਖਦੇ ਦੀ ਗੱਲ ਹੈ ਕਿ ਸੰਨ 1990 ਵਿਚ ਫਿਨਲੈਂਡ ਵਿਚ ਆਤਮ ਹੱਤਿਆ ਕਰਨ ਦਾ ਰੁਝਾਨ ਚਰਮ ਸੀਮਾ ਉੱਤੇ ਸੀ। ਪਰ, ਅੱਜ ਉਹੀ ਮੁਲਕ ਖ਼ੁਸ਼ੀ ਦੇ ਮੀਟਰ ਵਿਚ ਪਹਿਲਾ ਨੰਬਰ ਹਾਸਲ ਕਰ ਚੁੱਕਿਆ ਹੈ। ਕਾਰਨ ਇਹ ਕਿ ਪਹਿਲਾਂ ਉਹ ਲੋਕ ਮਨ ਅੰਦਰ ਮਾੜੀਆਂ ਗੱਲਾਂ ਡੂੰਘੀਆਂ ਵਸਾਈ ਰੱਖਦੇ ਸਨ, ਪਰ ਹੁਣ

ਜਾਖੜ ਨੇ ਸ਼ੇਖਾਵਤ ਨਾਲ ਭਾਜਪਾ ਦੀ ਚੋਣ ਰਣਨੀਤੀ 'ਤੇ ਕੀਤੀ ਚਰਚਾ

ਚੰਡੀਗੜ੍ਹ 4 ਮਈ। ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਦੇ ਨਾਲ ਪ੍ਰਦੇਸ਼ 'ਚ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਲੰਬੀ ਚਰਚਾ ਕੀਤੀ। ਸੋਮਵਾਰ ਦੁਪਹਿਰ ਪ੍ਰਦੇਸ਼ ਭਾਜਪਾ ਦਫ਼ਤਰ 'ਚ ਜਾਖੜ ਨੇ ਸ਼ੇਖਾਵਤ ਦੇ ਨਾਲ ਕਰੀਬ ਘੰਟੇ ਚੱਲੀ ਬੈਠਕ 'ਚ ਵੱਖ-ਵੱਖ ਲੋਕ ਸਭਾ ਹਲਕਿਆਂ 'ਚ ਪਾਰਟੀ ਦੇ ਪ੍ਰਚਾਰ ਦੀ ਗਤੀ, ਵਰਕਰਾਂ ਅਤੇ ਆਗੂਆਂ ਦੇ ਮਨੋਬਲ ਦੇ ਬਾਰੇ ਵਿਚ ਗੱਲ ਕੀਤੀ। ਇਸ ਦੌਰਾਨ ਸੂਬਾ ਸੰਗਠਨ ਮੰਤਰੀ

ਮੰਥਰੀ ਸ਼੍ਰੀਨਿਵਾਸੁਲੂ ਵੀ ਮੌਜੂਦ ਸਨ। ਇਸ ਤੋਂ ਬਾਅਦ ਜਾਖੜ ਅਤੇ ਸੂਬਾ ਸੰਗਠਨ ਮੰਤਰੀ ਨੇ ਸੂਬਾ ਭਾਜਪਾ ਪ੍ਰਧਾਨ ਦੇ ਦਫ਼ਤਰ 'ਚ ਚੋਣਾਂ ਬਾਰੇ ਰਣਨੀਤੀ ਬਣਾਈ। ਸੂਤਰਾਂ ਦੇ ਮੁਤਾਬਕ ਹੋਰਾਂ ਸੂਬਿਆਂ 'ਚ ਲੋਕ ਸਭਾ ਚੋਣਾਂ ਤੋਂ ਫਾਰਗ ਹੋ ਚੁੱਕੇ ਕੇਂਦਰੀ ਮੰਤਰੀਆਂ, ਮੁੱਖ ਮੰਤਰੀਆਂ ਅਤੇ ਹੋਰ ਸੀਨੀਅਰ ਪਾਰਟੀ ਆਗੂਆਂ ਨੂੰ ਸੂਬੇ 'ਚ ਪ੍ਰਚਾਰ ਦੇ ਲਈ ਬੁਲਾਉਣ 'ਤੇ ਦੋਹਾਂ ਆਗੂਆਂ ਨੇ ਗੱਲ ਕਰ ਇਸ ਨੂੰ ਅੰਤਿਮ ਰੂਪ ਦਿੱਤਾ। ਇਸ ਤੋਂ ਬਾਅਦ ਚੋਣਵੇਂ ਪੱਤਰਕਾਰਾਂ ਨਾਲ ਗੈਰ ਰਸਮੀ ਗੱਲਬਾਤ ਦੌਰਾਨ ਜਾਖੜ ਨੇ ਦੱਸਿਆ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਲਈ ਪੰਜਾਬ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀਆਂ 4-4 ਰੈਲੀਆਂ ਕਰਨ ਦੀ ਯੋਜਨਾ ਬਣਾਈ ਗਈ ਹੈ। ਦੋਵੇਂ ਸੀਨੀਅਰ ਆਗੂ ਮਾਲਵੇ ਵਿਚ 2-2 ਰੈਲੀਆਂ ਕਰਨਗੇ, ਜਦਕਿ ਮਾਝਾ ਅਤੇ ਦੋਆਬਾ ਵਿਚ 1-1 ਰੈਲੀ ਕੀਤੀ ਜਾਵੇਗੀ। ਇਸ ਸਬੰਧੀ ਆਖਰੀ ਫੈਸਲਾ ਕੌਮੀ ਲੀਡਰਸ਼ਿਪ ਵੱਲੋਂ ਲਿਆ ਜਾਵੇਗਾ। ਜਾਖੜ ਨੇ ਕਿਹਾ ਕਿ ਪਹਿਲੀ ਵਾਰ ਪਾਰਟੀ ਸਾਰੀਆਂ 13 ਲੋਕ ਸਭਾ ਸੀਟਾਂ 'ਤੇ ਚੋਣ ਲੜਦਿਆਂ ਆਪਣੀ ਪੂਰੀ ਤਾਕਤ ਲਗਾ ਰਹੀ ਹੈ।

ਪੰਜਾਬ ਸਕੂਲ ਐਜੂਕੇਸ਼ਨ ਬੋਰਡ 8ਵੀਂ ਜਮਾਤ ਦੇ ਨਤੀਜੇ 'ਚ ਜਲੰਧਰ ਦਾ ਸੂਬੇ ਭਰ 'ਚੋਂ 14ਵਾਂ ਸਥਾਨ

ਕਿਸ਼ਨ ਪਾਲ

ਜਲੰਧਰ 4 ਮਈ। ਪੰਜਾਬ ਸਕੂਲ ਐਜੂਕੇਸ਼ਨ ਬੋਰਡ ਨੇ ਮਾਰਚ ਮਹੀਨੇ ਲਈ ਗਈ 8ਵੀਂ ਜਮਾਤ ਦੀ ਪ੍ਰੀਖਿਆ ਦਾ ਨਤੀਜਾ ਮੰਗਲਵਾਰ ਐਲਾਨ ਦਿੱਤਾ। ਬੋਰਡ ਵੱਲੋਂ ਐਲਾਨੀ ਗਈ ਮੈਰਿਟ ਸੂਚੀ ਵਿਚ ਜਲੰਧਰ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਨਾਲ ਸਬੰਧਤ 20 ਵਿਦਿਆਰਥੀ ਆਪਣਾ ਸਥਾਨ ਬਣਾਉਣ ਵਿਚ ਸਫਲ ਰਹੇ। ਜ਼ਿਲ੍ਹੇ ਦਾ ਓਵਰਆਲ ਨਤੀਜਾ 98.20 ਫੀਸਦੀ ਰਿਹਾ। ਜ਼ਿਲ੍ਹੇ ਭਰ ਦੇ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਨਾਲ ਸਬੰਧਤ ਸਕੂਲਾਂ ਦੇ 21 ਹਜਾਰ 599 ਵਿਦਿਆਰਥੀਆਂ ਨੇ 8ਵੀਂ ਜਮਾਤ ਦੀ ਪ੍ਰੀਖਿਆ ਵਿਚ ਹਿੱਸਾ ਲਿਆ। ਇਨ੍ਹਾਂ ਵਿਚੋਂ 21 ਹਜਾਰ 210 ਵਿਦਿਆਰਥੀ ਪਾਸ ਹੋਏ। ਜੇਕਰ ਪਾਸ ਫੀਸਦੀ ਦੀ ਗੱਲ ਕੀਤੀ ਜਾਵੇ ਤਾਂ ਸੂਬੇ ਭਰ ਵਿਚੋਂ ਜਲੰਧਰ ਜ਼ਿਲ੍ਹੇ ਦਾ 14ਵਾਂ ਸਥਾਨ ਰਿਹਾ। ਸਭ ਤੋਂ ਉੱਪਰ ਜ਼ਿਲ੍ਹਾ ਪਠਾਨਕੋਟ ਰਿਹਾ, ਜਦਕਿ ਸਭ ਤੋਂ ਹੇਠਲੇ ਸਥਾਨ 'ਤੇ ਜ਼ਿਲ੍ਹਾ ਮੋਗਾ ਰਿਹਾ। ਬੋਰਡ ਵੱਲੋਂ ਜਾਰੀ ਕੀਤੀ ਗਈ ਮੈਰਿਟ ਸੂਚੀ ਮੁਤਾਬਕ ਜਲੰਧਰ ਜ਼ਿਲ੍ਹੇ ਵਿਚ ਸੇਵਕ ਪਬਲਿਕ ਹਾਈ ਸਕੂਲ ਨਕੋਦਰ ਦੀ ਵਿਦਿਆਰਥਣ ਦ੍ਰਿਸ਼ਟੀ ਨੇ 596/600 ਲੈ ਕੇ ਜ਼ਿਲ੍ਹੇ ਭਰ ਵਿਚੋਂ ਪਹਿਲਾ ਸਥਾਨ ਹਾਸਲ ਕੀਤਾ। ਇਸ ਦੇ ਨਾਲ ਹੀ ਸਰਕਾਰੀ ਸਕੂਲ ਲਾਡੋਵਾਲੀ ਰੋਡ ਜਲੰਧਰ ਦੇ ਮਹੇਸ਼ ਕੁਮਾਰ, ਸਰਕਾਰੀ ਸਕੂਲ ਲੜਕੇ ਭੋਗਪੁਰ ਦੇ ਰਮਨਪ੍ਰੀਤ ਸਿੰਘ, ਐਕਸੇਲਸ਼ੀਅਰ ਕਾਨਵੈਂਟ ਹਾਈ

ਸਕੂਲ ਗੋਰਾਇਆ ਦੀ ਆਂਚਲ ਸ਼ਰਮਾ ਨੇ 594/600 ਅੰਕ ਲੈ ਕੇ ਸਾਂਝੇ ਰੂਪ ਨਾਲ ਜ਼ਿਲ੍ਹੇ ਭਰ ਵਿਚੋਂ ਦੂਜਾ ਅਤੇ ਜਥੇਦਾਰ ਲਕਸ਼ਮਣ ਸਿੰਘ ਮੈਮੋਰੀਅਲ ਸਕੂਲ ਦੀ ਜੈਸਮੀਨ ਅਤੇ ਸਰਕਾਰੀ ਹਾਈ ਸਕੂਲ ਤਲਵਣ ਦੀ ਪ੍ਰਭਨੂਰ ਨੇ 593/600 ਅੰਕ ਲੈ ਕੇ ਸਾਂਝੇ ਰੂਪ ਨਾਲ ਜ਼ਿਲ੍ਹੇ ਵਿਚੋਂ ਤੀਜਾ ਸਥਾਨ ਹਾਸਲ ਕੀਤਾ। ਇਨ੍ਹਾਂ ਤੋਂ ਇਲਾਵਾ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਦੇ 14 ਹੋਰ ਵਿਦਿਆਰਥੀਆਂ ਨੇ ਵੀ ਮੈਰਿਟ ਵਿਚ ਸਥਾਨ ਬਣਾਇਆ। ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ 8ਵੇਂ ਜਮਾਤ ਦੇ ਨਤੀਜੇ ਵਿਚ ਸਰਕਾਰੀ ਹਾਈ ਸਕੂਲ ਤਲਵਣ ਵਿਚ ਪੜ੍ਹਨ ਵਾਲੀਆਂ 2 ਜੁੜਵਾਂ ਭੈਣਾਂ ਨੇ ਮੈਰਿਟ ਲਿਸਟ ਵਿਚ ਆਪਣਾ ਸਥਾਨ ਸੁਰੱਖਿਅਤ ਕੀਤਾ। ਦੋਵੇਂ ਭੈਣਾਂ ਪ੍ਰਭਨੂਰ ਅਤੇ ਨਵਨੂਰ ਨੇ ਕ੍ਰਮਵਾਰ 593/600 ਅਤੇ 590/600 ਅੰਕ ਹਾਸਲ ਕਰ ਕੇ ਆਪਣੇ ਮਾਤਾ-ਪਿਤਾ ਅਤੇ ਸਕੂਲ ਦਾ ਨਾਂ ਰੌਸ਼ਨ ਕੀਤਾ। ਇਨ੍ਹਾਂ ਦੋਵਾਂ ਦਾ ਕਹਿਣਾ ਸੀ ਕਿ ਉਹ ਅੱਗੇ ਚੱਲ ਕੇ ਡਾਕਟਰ ਬਣਨਾ ਚਾਹੁੰਦੀਆਂ ਹਨ ਅਤੇ ਮਨੁੱਖਤਾ ਦੀ ਸੇਵਾ ਕਰਨੀ ਚਾਹੁੰਦੀਆਂ ਹਨ। ਇਨ੍ਹਾਂ ਦੇ ਪਿਤਾ ਲਖਵਿੰਦਰ ਸਿੰਘ ਦੁਕਾਨਦਾਰ ਹਨ, ਜਦਕਿ ਮਾਤਾ ਜਸਵਿੰਦਰ ਕੌਰ ਪ੍ਰਾਈਵੇਟ ਸਕੂਲ ਵਿਚ ਅਧਿਆਪਕਾ ਹੈ। ਇਨ੍ਹਾਂ ਦੋਵਾਂ ਭੈਣਾਂ ਦੇ ਮਾਤਾ-ਪਿਤਾ ਨੇ ਆਪਣੀਆਂ ਬੇਟੀਆਂ ਦੀ ਇਸ ਸ਼ਾਨਦਾਰ ਉਪਲੱਬਧੀ ਲਈ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਅੱਗੇ ਪੜ੍ਹਾਈ ਵਿਚ ਕਿਸੇ ਤਰ੍ਹਾਂ ਦੀ ਕਮੀ ਨਹੀਂ ਆਉਣ ਦੇਣਗੇ।

ਫਗਵਾੜਾ 'ਚ ਵੱਡੀ ਵਾਰਦਾਤ, ਨੌਜਵਾਨਾਂ ਵਿਚਾਲੇ ਹੋਏ ਝਗੜੇ ਨੇ ਧਾਰਿਆ ਖੂਨੀ ਰੂਪ

ਫਗਵਾੜ 4 ਮਈ। ਫਗਵਾੜਾ ਵਿਚ ਵੱਡੀ ਵਾਰਦਾਤ ਹੋਣ ਦੀ ਖਬਰ ਸਾਹਮਣੇ ਆਈ ਹੈ। ਦਰਅਸਲ ਇਥੋਂ ਦੇ ਲਾਅ ਗੇਟ 'ਤੇ ਨੌਜਵਾਨਾਂ ਦੋ ਧਿਰਾਂ ਵਿਚਾਲੇ ਕਿਸੇ ਗੱਲ ਨੂੰ ਕੇ ਬਹਿਸ ਹੋ ਗਈ। ਇਹ ਝਗੜਾ ਇੰਨਾ ਵੱਧ ਗਿਆ ਕਿ ਇਸ ਦੌਰਾਨ ਗੋਲੀ ਤੱਕ ਚਲਾਈ ਗਈ। ਗੋਲੀ ਲੱਗਣ ਨਾਲ ਸੱਤਿਅਮ ਨਾਂ ਲੜਕਾ ਗੰਭੀਰ ਰੂਪ ਵਿਚ ਜਖਮੀ ਹੋਇਆ ਹੈ। ਸੱਤਿਅਮ ਦੀ ਬਾਂਹ ਵਿਚ ਗੋਲੀ ਲੱਗੀ ਦੱਸੀ ਜਾ ਰਹੀ ਹੈ। ਫਗਵਾੜਾ ਦੇ ਐੱਸ. ਪੀ. ਰੁਪਿੰਦਰ ਕੌਰ ਭੱਟੀ ਨੇ ਦੱਸਿਆ ਕਿ ਬੀਤੀ ਰਾਤ ਕੁਝ ਨੌਜਵਾਨਾਂ ਵਿਚ ਕਿਸੇ ਗੱਲ ਨੂੰ ਲੈ ਕੇ ਆਪਸੀ ਝਗੜਾ ਹੋਇਆ ਸੀ। ਜਾਂਚ ਵਿਚ ਪਤਾ ਲੱਗਾ ਤਿੰਨ ਨੌਜਵਾਨ ਜਖਮੀ ਹੋਏ ਹਨ, ਜਿਨ੍ਹਾਂ ਦੀ ਪਛਾਣ ਸੱਤਿਅਮ, ਆਦਰਸ਼ ਅਤੇ ਪ੍ਰੀਕਸ਼ਤ ਵਜੋਂ ਹੋਈ ਹੈ। ਐੱਸ. ਪੀ. ਰੁਪਿੰਦਰ ਕੌਰ ਭੱਟੀ ਇਕ ਵਿਦਿਆਰਥੀ ਸੱਤਿਅਮ ਦੀ ਬਾਂਹ ਵਿਚ ਗੋਲੀ ਲੱਗੀ ਹੈ, ਜਿਸ ਨੂੰ ਜਲੰਧਰ ਦੇ ਇਕ ਹਸਪਤਾਲ ਵਿਚ ਭੇਜਿਆ ਗਿਆ ਹੈ। ਬਾਕੀ ਦੋ ਜਖਮੀ ਨੌਜਵਾਨ ਆਦਰਸ਼ ਅਤੇ ਪ੍ਰੀਕਸ਼ਤ ਨੂੰ ਫਗਵਾੜਾ ਦੇ ਸਿਵਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਆਦਰਸ਼ ਅਤੇ ਪ੍ਰੀਕਸ਼ਤ ਨੂੰ ਹੱਥਾਂ ਵਿਚ ਪਾਏ ਹੋਏ ਕੜੇ ਵੱਜਣ ਕਾਰਨ ਸੱਟੀ ਲੱਗੀ ਹੈ ਜਦਕਿ ਸੱਤਿਅਮ ਨੂੰ ਬਾਂਹ ਵਿਚ ਗੋਲੀ ਲੱਗੀ ਹੈ ਅਤੇ ਉਸ ਨੂੰ ਜਲੰਧਰ ਦੇ ਕਿਸੇ ਹਸਪਤਾਲ ਵਿਚ ਲਿਜਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਅਜੇ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਸੱਤਿਅਮ ਤੋਂ ਇਲਾਵਾ ਬਾਕੀ ਦੋ ਜਖਮੀ ਹੋਏ ਦੋਸਤ ਆਦਰਸ਼ ਅਤੇ ਪ੍ਰੀਕਸ਼ਤ ਵੀ ਵਿਦਿਆਰਥੀ ਸਨ ਜਾਂ ਨਹੀਂ। ਉਥੇ ਹੀ ਘਟਨਾ ਵਾਲੇ ਸਥਾਨ 'ਤੇ ਮੌਕੇ 'ਤੇ ਟੀਮ ਪੁੱਜੇ ਐੱਸ. ਪੀ. ਰੁਪਿੰਦਰ ਕੌਰ ਭੱਟੀ ਨੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

ਲੋਕ ਸਭਾ ਚੋਣਾਂ: ਬਸਪਾ ਨੇ ਖਡੂਰ ਸਾਹਿਬ ਸਣੇ 3 ਸੀਟਾਂ 'ਤੇ ਐਲਾਨੇ ਉਮੀਦਵਾਰ

ਚੰਡੀਗੜ੍ਹ 4 ਮਈ। ਬਹੁਜਨ ਸਮਾਜ ਪਾਰਟੀ ਵੱਲੋਂ ਖਡੂਰ ਸਾਹਿਬ ਸਮੇਤ ਤਿੰਨ ਸੀਟਾਂ ਤੋਂ ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਹੈ। ਬਸਪਾ ਵੱਲੋਂ ਖਡੂਰ ਸਾਹਿਬ ਤੋਂ ਇੰਜੀਨੀਅਰ ਸਤਨਾਮ ਸਿੰਘ ਤੁੜ, ਅੰਮ੍ਰਿਤਸਰ ਤੋਂ ਵਿਸ਼ਾਲ ਸਿੱਧੂ ਤੇ ਚੰਡੀਗੜ੍ਹ ਤੋਂ ਡਾ. ਗੀਤੂ ਸਿੰਘ ਨੂੰ ਉਮੀਦਵਾਰ ਐਲਾਨਿਆ ਗਿਆ ਹੈ। ਬਸਪਾ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਸਤਨਾਮ ਸਿੰਘ ਤੁੜ ਬੀ. ਟੈੱਕ. ਪਾਸ ਹਨ। ਉਨ੍ਹਾਂ ਦੀ ਉਮਰ 29 ਸਾਲ ਹੈ। ਇਸੇ ਤਰ੍ਹਾਂ ਅੰਮ੍ਰਿਤਸਰ ਤੋਂ ਵਿਸ਼ਾਲ ਸਿੱਧੂ ਨੂੰ ਉਮੀਦਵਾਰ ਬਣਾਇਆ ਗਿਆ ਹੈ, ਜੋ 2020 'ਚ ਬਸਪਾ 'ਚ ਸ਼ਾਮਲ ਹੋਏ ਸਨ ਅਤੇ ਜ਼ਿਲ੍ਹਾ ਅਹੁਦੇਦਾਰ ਦੇ ਤੌਰ 'ਤੇ ਵਿਧਾਨ ਸਭਾ ਜੰਡਿਆਲਾ ਤੇ ਵਿਧਾਨ ਸਭਾ ਅਟਾਰੀ ਦੇ ਸੰਗਠਨ ਦੀ ਦੇਖ-ਰੇਖ ਕਰ ਰਹੇ ਸਨ।

ਅੰਮ੍ਰਿਤਾ ਵੜਿੰਗ ਵਲੋਂ ਕਾਂਗਰਸ ਦੇ ਪੰਜੇ ਦੀ ਤੁਲਨਾ ਬਾਬਾ ਨਾਨਕ ਨਾਲ ਕਰਨ 'ਤੇ ਜਥੇਦਾਰ ਨੇ ਲਿਆ ਸਖਤ ਨੋਟਿਸ

ਏਜੰਸੀਆਂ

ਅੰਮ੍ਰਿਤਸਰ 4 ਮਈ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਾਂਗਰਸ ਆਗੂ ਅੰਮ੍ਰਿਤਾ ਵੜਿੰਗ ਵਲੋਂ ਚੋਣ ਪ੍ਰਚਾਰ ਦੌਰਾਨ ਕਾਂਗਰਸ ਦੇ ਚੋਣ ਨਿਸਾਨ ਪੰਜੇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੰਜਾ ਕਹਿਣ ਦਾ ਸਖਤ ਨੋਟਿਸ ਲੈਂਦਿਆਂ ਸਖਤ ਤਾੜਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸਿਆਸੀ ਆਗੂਆਂ ਵਲੋਂ ਸਿਆਸੀ ਹਿਤਾਂ ਲਈ ਗੁਰੂ ਸਾਹਿਬਾਨ ਦੇ ਨਾਵਾਂ ਅਤੇ ਧਾਰਮਿਕ ਚਿੰਨ੍ਹਾਂ ਦੀ ਵਰਤੋਂ ਕਿਸੇ ਵੀ ਸੂਰਤ ਵਿਚ ਬਰਦਾਸਤ ਨਹੀਂ ਕੀਤੀ ਜਾ ਸਕਦੀ। ਸ੍ਰੀ ਅਕਾਲ ਤਖਤ ਸਾਹਿਬ ਸਕੱਤਰੇਤ ਤੋਂ ਜਾਰੀ ਬਿਆਨ ਵਿਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਲਿਖਤੀ ਸ਼ਿਕਾਇਤਾਂ ਪੁੱਜੀਆਂ ਹਨ ਕਿ ਕਾਂਗਰਸ ਆਗੂ ਅੰਮ੍ਰਿਤਾ ਵੜਿੰਗ ਵਲੋਂ ਆਪਣੀ ਪਾਰਟੀ ਦੇ ਚੋਣ ਪ੍ਰਚਾਰ ਦੌਰਾਨ ਕਾਂਗਰਸ ਦੇ ਚੋਣ ਨਿਸਾਨ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੰਜਾ ਆਖ ਕੇ ਵੋਟਾਂ ਦੀ ਮੰਗ ਕੀਤੀ ਗਈ ਹੈ। ਜਿਸ ਦੇ ਨਾਲ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭਾਰੀ ਠੇਸ ਪੁੱਜੀ ਹੈ। ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਸਿੱਖ ਇਹ ਕਦੇ ਵੀ ਨਹੀਂ ਭੁੱਲ ਸਕਦੇ ਕਿ ਪੰਜਾ ਉਸ ਕਾਂਗਰਸ ਪਾਰਟੀ ਦਾ ਚੋਣ ਨਿਸਾਨ ਹੈ ਜਿਸ ਨੇ ਅਬਦਾਲੀਆਂ ਤੋਂ ਬਾਅਦ ਸਿੱਖਾਂ ਦੀ ਭਗਤੀ-ਸਕਤੀ ਦੇ ਕੇਂਦਰ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਉੱਤੇ ਤੋਪਾਂ ਤੇ ਟੈਂਕਾਂ ਨਾਲ ਹਮਲਾ ਕੀਤਾ ਸੀ। 1978 ਤੋਂ 1995 ਤੱਕ ਸਿੱਖ ਨਸਲਕੁਸੀ ਕਰਕੇ ਲੱਖਾਂ ਬੇਦੋਸੇ ਤੇ ਨਿਹੱਥੇ ਸਿੱਖ ਨੌਜਵਾਨਾਂ ਦੇ ਖੂਨ ਵਿਚ ਕਾਂਗਰਸ ਦਾ ਪੰਜਾ ਰੰਗਿਆ ਹੋਇਆ ਹੈ। ਉਨ੍ਹਾਂ ਸਖਤ ਸਬਦਾਂ ਵਿਚ ਆਖਿਆ ਕਿ ਕਾਂਗਰਸ ਵਲੋਂ ਆਪਣੇ ਸਿਆਸਤ ਮਨੋਰਥ ਲਈ ਗੁਰੂ ਸਾਹਿਬਾਨ ਦੇ ਨਾਵਾਂ ਜਾਂ ਧਾਰਮਿਕ ਚਿੰਨ੍ਹਾਂ ਦੀ ਦੁਰਵਰਤੋਂ ਹਰਗਿਜ ਬਰਦਾਸਤ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਅੰਮ੍ਰਿਤਾ ਵੜਿੰਗ ਤੁਰੰਤ ਆਪਣੀ ਗਲਤੀ ਲਈ ਪਛਚਾਤਾਪ ਕਰੇ। ਇਸ ਦੇ ਨਾਲ ਚਿਤਾਵਨੀ ਹੈ ਕਿ ਉਹ ਸਿਆਸੀ ਪ੍ਰਚਾਰ ਅਤੇ ਸਿਆਸੀ ਹਿਤਾਂ ਖਾਤਰ ਕਿਸੇ ਵੀ ਰੂਪ ਵਿਚ ਧਾਰਮਿਕ ਜਜਬਾਤਾਂ ਨਾਲ ਖੇਡਣ ਤੋਂ ਪੂਰੀ ਤਰ੍ਹਾਂ ਗੁਰੇਜ ਕਰਨ।

ਜਦੋਂ ਭਾਜਪਾ ਉਮੀਦਵਾਰ ਸੁਸ਼ੀਲ ਰਿੰਕੂ ਦੀ ਪਤਨੀ ਦੀ ਫਿਸਲੀ ਜੁਬਾਨ !

ਜਲੰਧਰ 4 ਮਈ। ਆਗਾਮੀ ਲੋਕ ਸਭਾ ਚੋਣਾਂ ਦੌਰਾਨ ਪੂਰੇ ਦੇਸ਼ 'ਚ ਸਿਆਸੀ ਮਾਹੌਲ ਗਰਮਾਇਆ ਪਿਆ ਹੈ। ਹਰੇਕ ਪਾਰਟੀ ਆਪਣੇ ਉਮੀਦਵਾਰਾਂ ਦੇ ਪ੍ਰਚਾਰ ਲਈ ਪੂਰਾ ਵਾਹ ਲਗਾ ਰਹੀ ਹੈ। ਉਮੀਦਵਾਰ ਤੇ ਵਰਕਰਾਂ ਦੇ ਨਾਲ-ਨਾਲ ਉਨ੍ਹਾਂ ਦੇ ਪਰਿਵਾਰਕ ਮੈਂਬਰ ਵੀ ਚੋਣ ਅਖਾੜੇ 'ਚ ਉਤਰੇ ਹੋਏ ਹਨ ਤੇ ਲੋਕਾਂ ਕੋਲ ਆਪਣੇ ਉਮੀਦਵਾਰਾਂ ਨੂੰ ਵੋਟ ਪਾਉਣ ਦੀ ਅਪੀਲ ਕਰ ਰਹੇ ਹਨ। ਇਸ ਸਿਆਸੀ ਮਾਹੌਲ ਦੌਰਾਨ ਇਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ, ਜਿਸ ਨੇ ਹਰ ਕਿਸੇ ਨੂੰ ਹੈਰਾਨ ਕਰ ਦਿੱਤਾ ਹੈ ਤੇ ਲੋਕ ਹੱਸਣ ਲਈ ਮਜਬੂਰ ਹੋ ਰਹੇ ਹਨ। ਇਹ ਮਾਮਲਾ ਹੈ ਜਲੰਧਰ ਦਾ, ਜਿੱਥੇ ਭਾਜਪਾ ਦੇ ਉਮੀਦਵਾਰ ਸੁਸ਼ੀਲ ਰਿੰਕੂ ਦੇ ਪ੍ਰਚਾਰ ਦੌਰਾਨ ਇਕ ਸਮਾਗਮ 'ਚ ਉਨ੍ਹਾਂ ਦੀ ਪਤਨੀ ਸੁਨੀਤਾ ਦੀ ਜੁਬਾਨ ਫਿਸਲ ਗਈ। ਇਸ ਸਮਾਗਮ 'ਚ ਉਹ ਆਪਣੇ ਪਤੀ ਦੀ ਪਾਰਟੀ (ਭਾਜਪਾ) ਲਈ ਵੋਟਾਂ ਮੰਗਣ ਲਈ ਪਹੁੰਚੇ ਸਨ, ਪਰ ਉਨ੍ਹਾਂ ਨੇ ਲੋਕਾਂ ਨੂੰ 'ਇਕ-ਇਕ ਵੋਟ' 'ਆਮ ਆਦਮੀ ਪਾਰਟੀ' ਨੂੰ ਪਾਉਣ ਦੀ ਅਪੀਲ ਕਰ ਦਿੱਤੀ। ਉਨ੍ਹਾਂ ਦੀ ਇਹ ਵੀਡੀਓ ਇਸ ਸਮੇਂ ਸੋਸ਼ਲ ਮੀਡੀਆ 'ਤੇ ਖੂਬ ਵਾਇਰਲ ਹੋ ਰਹੀ ਹੈ। ਜ਼ਿਕਰਯੋਗ ਹੈ ਕਿ ਸੁਸ਼ੀਲ ਰਿੰਕੂ ਜਲੰਧਰ ਤੋਂ 'ਆਪ' ਵੱਲੋਂ ਚੋਣ ਲੜ ਕੇ ਸਾਂਸਦ ਬਣੇ ਸਨ ਤੇ ਹੁਣ ਉਹ ਭਾਜਪਾ 'ਚ ਸ਼ਾਮਲ ਹੋ ਗਏ ਹਨ। ਪਾਰਟੀ ਨੇ ਉਨ੍ਹਾਂ ਨੂੰ ਟਿਕਟ ਦੇ ਕੇ ਜਲੰਧਰ ਤੋਂ ਚੋਣਾਂ ਲੜਨ ਦਾ ਇਕ ਵਾਰ ਫਿਰ ਮੌਕਾ ਦਿੱਤਾ ਹੈ।

ਸਹੁਰੇ ਘਰ ਤੋਂ ਧੀ ਦਾ ਟੁੱਟ ਗਿਆ ਨਾਤਾ, ਪਿਤਾ ਨੇ ਫਿਰ ਵੀ ਨਾ ਕੀਤਾ ਪਰਾਇਆ

ਏਜੰਸੀਆਂ

ਕਾਨਪੁਰ 4 ਮਈ। ਆਮ ਤੌਰ 'ਤੇ ਵਿਆਹਾਂ-ਸ਼ਾਦੀਆਂ ਦੌਰਾਨ ਬੈਂਡ-ਵਾਜੇ ਵਜਾਏ ਜਾਂਦੇ ਹਨ ਜਾਂ ਕੋਈ ਹੋਰ ਖੁਸ਼ੀ ਦਾ ਪ੍ਰੋਗਰਾਮ ਹੋਵੇ ਪਰ ਕਾਨਪੁਰ ਤੋਂ ਹੈਰਾਨ ਕਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਪਿਤਾ ਆਪਣੀ ਧੀ ਦੇ ਤਲਾਕ ਮਗਰੋਂ ਉਸ ਨੂੰ ਬੈਂਡ-ਵਾਜਿਆਂ ਨਾਲ ਘਰ ਲੈ ਕੇ ਆਏ। ਅਨਿਲ ਕੁਮਾਰ ਜੋ ਕਿ ਤੋਂ ਸੇਵਾਮੁਕਤ ਅਧਿਕਾਰੀ ਹਨ, ਨੇ ਇਸ ਬਾਰੇ ਗੱਲ ਕਰਦਿਆਂ ਕਿਹਾ ਕਿ ਅਸੀਂ ਆਪਣੀ ਧੀ ਨੂੰ ਵਿਆਹ ਮਗਰੋਂ